## ਅਧਿਆਇ 21

# ਇਸਹਾਕ ਅਤੇ ਇਸਮਾਈਲ ਵਿਚਕਾਰ ਤਨਾਅ

ਅਧਿਆਇ 21 ਦਾ ਪਹਿਲਾ ਭਾਗ ਪੁੱਤਰ ਦੇ ਵਾਅਦੇ ਦੇ ਇਰਦ-ਗਿਰਦ ਘੁੰਮਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕਾਫ਼ੀ ਲੰਬੀ ਉਡੀਕ ਤੋਂ ਬਾਅਦ, ਇਸਹਾਕ ਦਾ ਸੰਸਾਰ ਵਿੱਚ ਆਉਣਾ, ਅਬਰਾਹਾਮ ਅਤੇ ਸਾਰਾਹ ਦੇ ਘਰ ਵਿੱਚ ਅਨੰਦ ਲੈ ਕੇ ਆਇਆ। ਫਿਰ ਵੀ, ਪਰਮੇਸ਼ੁਰ ਦੇ ਵਾਅਦੇ ਨੂੰ ਪੂਰਾ ਹੁੰਦਾ ਵੇਖਣ ਦੇ ਲਈ ਉਨ੍ਹਾਂ ਦੀ ਚਿੰਤਾ ਦੇ ਕਾਰਣ, ਅਬਰਾਹਾਮ ਪਹਿਲਾਂ ਤੋਂ ਹੀ ਸਾਰਾਹ ਦੀ ਗੋੱਲੀ ਹਾਜਰਾ ਦੇ ਰਾਹੀਂ ਉਸ ਦੇ ਪੁੱਤਰ ਇਸਮਾਈਲ ਦਾ ਪਿਤਾ ਬਣ ਚੁੱਕਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਪਰਿਵਾਰ ਵਿੱਚ ਝਗੜਾ ਪੈ ਗਿਆ। ਇਸ ਲਈ, ਇਸਹਾਕ ਦਾ ਆਉਣਾ ਨਾ ਸਿਰਫ ਵੱਡਾ ਉਤਸ਼ਾਹ, ਪਰ ਝਗੜਾ ਵੀ ਲੈ ਕੇ ਆਇਆ ਜਿਸ ਦੇ ਨਤੀਜੇ ਵਜੋਂ ਹਾਜਰਾ ਅਤੇ ਇਸਮਾਈਲ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ।

ਅਧਿਆਇ ਦਾ ਦੂਜਾ ਹਿੱਸਾ ਇੱਕ ਵੱਖਰੀ ਕਹਾਣੀ ਪੇਸ਼ ਕਰਦਾ ਹੈ ਜੋ ਅਬਰਾਹਾਮ ਅਤੇ ਫਲਿਸਤੀਆਂ ਦੇ ਰਾਜਾ ਅਬੀਮਲਕ ਤੇ ਕੇਂਦਰਿਤ ਹੈ। ਬਏਰਸਬਾ ਵਿੱਚ ਦੋਹਾਂ ਮਨੁੱਖਾਂ ਨੇ ਇੱਕ ਦੂਜੇ ਨਾਲ ਅਤੇ ਉਨ੍ਹਾਂ ਦੀ ਸੰਤਾਨ ਨਾਲ ਇਮਾਨਦਾਰੀ ਅਤੇ ਦਿਆਲਗੀ ਨਾਲ ਵਿਹਾਰ ਕਰਨ ਦਾ ਇੱਕ ਨੇਮ ਬੰਨ੍ਹਿਆ।

## ਇਸਹਾਕ ਦਾ ਜਨਮ (21:1-7)

**1ਯਹੋਵਾਹ ਨੇ ਜਿਵੇਂ ਉਹ ਨੇ ਆਖਿਆ ਸੀ ਸਾਰਾਹ ਉੱਤੇ ਨਜ਼ਰ ਕੀਤੀ ਅਰ ਯਹੋਵਾਹ ਨੇ
ਸਾਰਾਹ ਲਈ ਉਹ ਕੀਤਾ ਜੋ ਉਹ ਨੇ ਬਚਨ ਕੀਤਾ ਸੀ। 2ਅਤੇ ਸਾਰਾਹ ਗਰਭਵੰਤੀ ਹੋਈ ਅਰ
ਅਬਰਾਹਾਮ ਲਈ ਉਹ ਦੇ ਬੁਢੇਪੇ ਵਿੱਚ ਉਸੇ ਰੁਤੇ ਜੋ ਪਰਮੇਸ਼ੁਰ ਨੇ ਉਹ ਨੂੰ ਦੱਸੀ ਸੀ ਪੁੱਤ੍ਰ ਜਣੀ।
3ਅਤੇ ਅਬਰਾਹਾਮ ਨੇ ਆਪਣੇ ਪੁੱਤ੍ਰ ਦਾ ਨਾਉਂ ਜੋ ਉਹ ਦੇ ਲਈ ਜੰਮਿਆ ਸੀ ਅਰਥਾਤ ਜਿਹ ਨੂੰ
ਸਾਰਾਹ ਨੇ ਉਸ ਲਈ ਜਣਿਆ ਸੀ ਇਸਹਾਕ ਰੱਖਿਆ। 4ਅਤੇ ਅਬਰਾਹਾਮ ਨੇ ਆਪਣੇ ਪੁੱਤ੍ਰ
ਇਸਹਾਕ ਦੀ ਸੁੰਨਤ ਅੱਠਾਂ ਦਿਨਾਂ ਦੀ ਉਮਰ ਵਿੱਚ ਕਰਾਈ ਜਿਵੇਂ ਪਰਮੇਸ਼ੁਰ ਨੇ ਉਹ ਨੂੰ
ਆਗਿਆ ਦਿੱਤੀ ਸੀ। 5ਅਬਰਾਹਾਮ ਸੌ ਵਰਿਹਾਂ ਦਾ ਸੀ ਜਾਂ ਉਹ ਦਾ ਪੁੱਤ੍ਰ ਇਸਹਾਕ ਉਹ ਦੇ ਲਈ
ਜੰਮਿਆ। 6ਉਪਰੰਤ ਸਾਰਾਹ ਨੇ ਆਖਿਆ, ਪਰਮੇਸ਼ੁਰ ਨੇ ਮੈਨੂੰ ਹਸਾਇਆ ਹੈ ਅਤੇ ਸਾਰੇ
ਸੁਣਨਵਾਲੇ ਮੇਰੇ ਨਾਲ ਹੱਸਣਗੇ। 7ਉਸ ਨੇ ਆਖਿਆ, ਕੌਣ ਅਬਰਾਹਾਮ ਨੂੰ ਆਖਦਾ ਭਈ ਸਾਰਾਹ
ਪੁੱਤ੍ਰਾਂ ਨੂੰ ਦੁੱਧ ਚੁੰਘਾਏਗੀ? ਕਿਉਂਕਿ ਮੈਂ ਉਹ ਦੇ ਬੁਢੇਪੇ ਲਈ ਪੁੱਤ੍ਰ ਜਣੀ।**

**ਆਇਤ 1.** ਅਬਰਾਹਾਮ ਅਤੇ ਸਾਰਾਹ ਦੇ ਉਨ੍ਹਾਂ ਦੇ ਵਾਅਦੇ ਦੇ ਪੁੱਤਰ ਦੇ ਲਈ ਲਗਭਗ ਪੰਜੀ ਸਾਲ ਉਡੀਕ ਕਰਨ ਤੋਂ ਬਾਅਦ, **ਯਹੋਵਾਹ ਨੇ ਜਿਵੇਂ ਉਹ ਨੇ ਆਖਿਆ ਸੀ ਸਾਰਾਹ ਉੱਤੇ**

**ਨਜ਼ਰ ਕੀਤੀ**। “ਨਜ਼ਰ ਕੀਤੀ” ਸ਼ਬਦ ਇਬਰਾਨੀ ਸ਼ਬਦ פָּקַד (*ਪਾਕਡ*) ਦਾ ਅਨੁਵਾਦ ਹੈ, ਜਿਸ ਦਾ ਅਰਥ ਹੈ “ਦਰਸ਼ਣ ਦੇਣਾ।” ਬਾਈਬਲ ਵਿੱਚ ਇਹ ਇੱਕ ਆਮ ਰੂਪਕ ਹੈ ਜੋ ਸੁਭਾਅ ਵਿੱਚ ਅਤੇ ਮਨੁੱਖੀ ਕੰਮਾਂ ਵਿੱਚ ਪਰਮੇਸ਼ੁਰ ਦੀ ਦਖ਼ਲਅੰਦਾਜ਼ੀ ਦਾ ਵਿਚਾਰ ਪੇਸ਼ ਕਰਦਾ ਹੈ। ਕਈ ਵਾਰ ਇੱਕ ਇੱਕ ਕਿਰਪਾਲੂ ਅਤੇ ਫਾਇਦੇਮੰਦ ਦਰਸ਼ਣ ਹੁੰਦਾ ਸੀ, ਜਿਵੇਂ ਕਿ ਇੱਥੇ ਹੈ (ਵੇਖੋ 50:24, 25; ਕੂਚ 4:31; ਰੂਥ 1:6; ਜ਼ਬੂਰ 8:4); ਕਈ ਹੋਰ ਸਮਿਆਂ ਵਿੱਚ, ਇਹ ਇੱਕ ਅਨੁਸ਼ਾਸਨੀ ਨਿਆਂ ਹੁੰਦਾ ਸੀ, ਜਿਵੇਂ ਕਿ ਦਸ ਹੁਕਮਾਂ ਵਿੱਚ ਚਿਤਾਵਨੀ ਦੇ ਸ਼ਬਦ ਵਿੱਚ ਵਰਣਨ ਕੀਤਾ ਗਿਆ ਸੀ (ਕੂਚ 20:5; ਬਿਵਸਥਾ ਸਾਰ 5:9)। ਪਰਮੇਸ਼ੁਰ ਨੇ ਕਿਹਾ ਸੀ ਕਿ ਸਾਰਾਹ ਇੱਕ ਪੁੱਤ੍ਰ ਜਣੇਗੀ (17:19; 18:10)। ਅਤੇ ਹੁਣ ਯਹੋਵਾਹ ਨੇ **ਸਾਰਾਹ ਲਈ ਉਹ ਕੀਤਾ ਜੋ ਉਹ ਨੇ ਬਚਨ ਕੀਤਾ ਸੀ**। ਇਸ ਹਵਾਲੇ ਦਾ ਜ਼ੋਰ ਇੱਕ ਵੱਡੇ ਚਮਤਕਾਰ ਦੇ ਰਾਹੀਂ ਪਰਮੇਸ਼ੁਰ ਦੇ ਵਾਅਦੇ ਦੀ ਪੂਰਤੀ ਤੇ ਹੈ।

**ਆਇਤ 2.** ਬਾਈਬਲ ਯਹੋਵਾਹ ਦੇ ਔਰਤਾਂ ਨੂੰ ਆ ਕੇ ਦਰਸ਼ਣ ਦੇਣ ਦੇ ਸ਼ਬਦ ਦੀ ਵਰਤੋਂ ਕਰਦੀ ਹੈ ਜਿਨ੍ਹਾਂ ਵਿੱਚ ਹੰਨਾਹ (1 ਸਮੂਏਲ 2:21), ਇਲੀਸਬਤ (ਲੂਕਾ 1:68) ਅਤੇ ਸਾਰਾਹ ਸ਼ਾਮਲ ਹਨ ਜੋ ਕਿ ਯਹੋਵਾਹ ਦੇ ਉਨ੍ਹਾਂ ਨੂੰ ਦਰਸ਼ਣ ਦੇਣ ਦੇ ਨਤੀਜੇ ਵਜੋਂ, ਗਰਭਵੰਤੀ ਹੋਈਆਂ ਅਤੇ ਬੱਚੇ ਨੂੰ ਜਨਮ ਦਿੱਤਾ। ਫਿਰ ਵੀ, ਵਿਚਾਰ ਅਜਿਹੇ ਬੱਚਿਆਂ ਦਾ ਰੱਬੀ ਪਿਤਰਤਵ ਨਹੀਂ ਹੈ, ਜਿਵੇਂ ਕਿ ਓਪਰੇ ਦਿਓਤਿਆਂ ਨਾਲ ਸੀ, ਜਿਹੜੇ ਕਿਹਾ ਜਾਂਦਾ ਹੈ ਕਿ ਜਾ ਕੇ ਔਰਤਾਂ ਨਾਲ ਸੰਭੋਗ ਕਰਦੇ ਸਨ। ਬਲਕਿ, ਇਹ ਇੱਕ ਅਲੰਕਾਰ ਹੈ, ਜਿਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਨੇ ਇਹੋ ਜਿਹੀਆਂ ਔਰਤਾਂ ਨੂੰ ਬਾਂਝਪਣ ਦੀ ਅਵਸਥਾ ਤੋਂ ਛੁਟਕਾਰਾ ਦਿੱਤਾ ਅਤੇ ਉਨ੍ਹਾਂ ਨੂੰ ਗਰਭਵੰਤੀ ਹੋਣ ਦੇ ਯੋਗ ਬਣਾਇਆ। ਇਸ ਧਾਰਣਾ ਤੇ 21:2 ਜ਼ੋਰ ਦਿੱਤਾ ਗਿਆ ਹੈ, ਜੋ ਇਹ ਦੱਸਦੀ ਹੈ ਕਿ **ਸਾਰਾਹ ਗਰਭਵੰਤੀ ਹੋਈ ਅਰ ਅਬਰਾਹਾਮ ਲਈ ਉਹ ਦੇ ਬੁਢੇਪੇ ਵਿੱਚ ਪੁੱਤ੍ਰ ਜਣੀ**। ਇਸ ਮਾਮਲੇ ਵਿੱਚ, ਪਰਮੇਸ਼ੁਰ ਦੇ ਦਰਸ਼ਣ ਨੇ ਪਤੀ ਅਤੇ ਪਤਨੀ ਦੋਹਾਂ ਦੇ ਬਲ ਨੂੰ ਮੁੜ ਤੋਂ ਬਹਾਲ ਕਰ ਦਿੱਤਾ, ਜਿਨ੍ਹਾਂ ਦੀ ਬੁਢੇਪੇ ਦੇ ਕਾਰਣ, ਪ੍ਰਜਣਨ ਦੀ ਉਮਰ ਬੀਤ ਚੁੱਕੀ ਸੀ (ਰੋਮੀਆਂ 4:19)। ਇਸੇ ਕਾਰਣ, ਮੂਲ ਲਿਖਤ ਇਹ ਜ਼ੋਰ ਦਿੰਦੀ ਹੈ ਕਿ ਸਾਰਾਹ ਦੀ ਕੁੱਖ ਦਾ ਫਲ “ਇੱਕ ਪੁੱਤ੍ਰ” ਸੀ ਜਿਹੜਾ ਪਿਤਾ ਪੁਰਖ ਦੇ ਬੁਢੇਪੇ ਵਿੱਚ ਜੰਮਿਆ ਸੀ। ਇਹ ਵੀ ਮਹੱਤਵਪੂਰਣ ਹੈ ਕਿ ਵਾਅਦੇ ਦੇ ਪੁੱਤਰ ਦਾ ਜਨਮ **ਉਸੇ ਰੁੱਤੇ ਹੋਇਆ ਜੋ ਪਰਮੇਸ਼ੁਰ ਨੇ ਉਹ ਨੂੰ ਦੱਸੀ ਸੀ** (ਵੇਖੋ 17:21; 18:14)।

**ਆਇਤ 3.** ਜਿਵੇਂ **ਅਬਰਾਹਾਮ** ਨੇ ਪਹਿਲਾਂ ਇਸਮਾਏਲ ਦਾ ਨਾਉਂ ਰੱਖਿਆ ਸੀ (16:15), ਹੁਣ ਉਸ ਨੇ ਪਿਛਲੇ ਸਾਲ ਯਹੋਵਾਹ ਦੇ ਹੁਕਮ ਦੇ ਜਵਾਬ ਵਿੱਚ ਉਹ ਦੇ **ਪੁੱਤਰ ਦਾ ਨਾਉਂ ਰੱਖਿਆ ਜੋ ਸਾਰਾਹ ਨੇ ਉਸ ਦੇ ਲਈ ਜਣਿਆ ਸੀ**। ਉਸ ਨੇ ਆਪਣੇ ਪੁੱਤ੍ਰ ਦਾ ਨਾਉਂ ਇਸਹਾਕ (“ਉਹ ਹੱਸਿਆ ਸੀ”) ਰੱਖਿਆ, ਜੋ ਕਿ ਉਹ ਨਾਮ ਸੀ ਜੋ ਪਰਮੇਸ਼ੁਰ ਨੇ ਉਸ ਬੱਚੇ ਦੇ ਕੁੱਖ ਵਿੱਚ ਠਹਿਰਣ ਤੋਂ ਪਹਿਲਾਂ ਹੀ ਚੁਣਿਆ ਸੀ (17:19)। ਇਹ ਨਾਮ ਉਚਿਤ ਸੀ ਕਿਉਂਕਿ ਅਬਰਾਹਾਮ ਅਤੇ ਸਾਰਾਹ ਉਨ੍ਹਾਂ ਦੇ ਬੁਢੇਪੇ ਵਿੱਚ ਇੱਕ ਬੱਚਾ ਹੋਣ ਦੇ ਵਾਅਦੇ ਤੇ ਬੇਪਰਤੀਤੀ ਵਿੱਚ ਹੱਸੇ ਸਨ (17:17; 18:12)।

**ਆਇਤ 4.** ਮੂਲ ਲਿਖਤ ਇਸਹਾਕ ਦੇ ਜਨਮ ਦੀ ਖ਼ਬਰ ਤੇ ਪੁਰਖੇ ਦੀ ਵੱਲੋਂ ਵੱਡੀ ਖੁਸ਼ੀ ਦੇ ਕਿਸੇ ਭਾਵਨਾਤਮਕ ਭਾਵ ਦਾ ਜ਼ਿਕਰ ਨਹੀਂ ਕਰਦੀ। ਇਹ ਉਸ ਦੀ ਪ੍ਰਤੀਕਿਰਿਆ ਰਹੀ ਹੋਵੇਗੀ, ਕਿਉਂਕਿ ਉਸ ਦੀ ਇਹ ਕਾਮਨਾ ਲੰਬੇ ਸਮੇਂ ਬਾਅਦ ਪੂਰੀ ਹੋਈ ਸੀ, ਜੋ ਕਿ ਇੱਕ ਝੂਠੇ ਸੁਫ਼ਨੇ ਦੇ ਵਾਂਗ ਜਾਪਦੀ ਸੀ। ਅਸੀਂ ਇਹ ਜ਼ਰੂਰ ਜਾਣਦੇ ਹਾਂ ਕਿ ਜਿਵੇਂ ਪਰਮੇਸ਼ੁਰ ਨਿਯੁਕਤ ਸਮੇਂ ਅਬਰਾਹਾਮ ਨੂੰ ਇੱਕ ਪੁੱਤਰ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਵਫ਼ਾਦਾਰ ਸੀ, ਉਸੇ ਤਰ੍ਹਾਂ **ਅਬਰਾਹਾਮ ਆਪਣੇ ਪੁੱਤ੍ਰ ਇਸਹਾਕ ਦੀ ਸੁੰਨਤ ਅੱਠਾਂ ਦਿਨਾਂ ਦੀ ਉਮਰ ਵਿੱਚ** ਕਰਾਉਣ ਵਿੱਚ

ਵਫ਼ਾਦਾਰ ਸੀ **ਜਿਵੇਂ ਪਰਮੇਸ਼ੁਰ ਨੇ ਉਹ ਨੂੰ ਆਗਿਆ ਦਿੱਤੀ ਸੀ**। ਇਸ ਵਿੱਚ, ਪੁਰਖਾ ਮੂਸਾ ਤੋਂ ਅਭਿੰਨ ਸੀ, ਜਿਸ ਨੇ ਅੱਗੇ ਚੱਲ ਕੇ ਆਪਣੇ ਪੁੱਤਰ ਦੀ ਤਦ ਤੱਕ ਸੁੰਨਤ ਕਰਾਉਣ ਵਿੱਚ ਬੇਪਰਵਾਹੀ ਕੀਤੀ ਜਦੋਂ ਤੱਕ ਉਹ ਕਾਫੀ ਉਮਰ ਦਾ ਨਹੀਂ ਹੋ ਗਿਆ (ਕੂਚ 2:21, 22; 4:24-26)।

**ਆਇਤ 5.** ਉਹ ਸਵਾਲ ਜੋ **ਅਬਰਾਹਾਮ** ਨੇ ਲਗਭਗ ਇੱਕ ਵਰਹੇ ਪਹਿਲਾਂ ਪੁੱਛਿਆ ਸੀ (17:17) – "ਭਲਾ, ਸੌ ਵਰਿਹਾਂ ਦੇ ਜਨ ਤੋਂ ਪੁੱਤ੍ਰ ਹੋਊਗਾ?" – ਜਵਾਬ ਮਿਲ ਗਿਆ ਸੀ। ਜੋ ਸੁਭਾਵਕ ਦ੍ਰਿਸ਼ਟੀਕੋਣ ਤੋਂ ਅਸੰਭਵ ਸੀ ਅਸਲ ਵਿੱਚ ਪਰਮੇਸ਼ੁਰ ਦੀ ਸ਼ਕਤੀ ਨਾਲ ਹੋਇਆ ਸੀ। ਪੁਰਖਾ **ਸੌ ਵਰਿਹਾਂ ਦਾ ਸੀ ਜਾਂ ਉਹ ਦਾ ਪੁੱਤ੍ਰ ਇਸਹਾਕ ਉਹ ਦੇ ਲਈ ਜੰਮਿਆ**।

**ਆਇਤ 6.** ਬੱਚੇ ਦਾ ਜਨਮ ਹੋਣ ਤੇ, ਸਾਰਾਹ ਨੇ ਉਸ ਬਾਰੇ ਆਪਣੀ ਖੁਸ਼ੀ ਨੂੰ ਕਾਵਿਆਤਮਕ ਸ਼ਬਦਾਂ ਵਿੱਚ ਵਿਅਕਤ ਕੀਤਾ ਜੋ ਯਹੋਵਾਹ ਨੇ ਉਸ ਦੇ ਲਈ ਕੀਤਾ ਸੀ। ਉਸ ਨੇ ਆਖਿਆ, **ਪਰਮੇਸ਼ੁਰ ਨੇ ਮੈਨੂੰ ਹਸਾਇਆ ਹੈ ਅਤੇ ਸਾਰੇ ਸੁਣਨਵਾਲੇ ਮੇਰੇ ਨਾਲ ਹੱਸਣਗੇ।** ਇੱਥੇ, ਉਸ ਨੇ "ਇਸਹਾਕ" ਨਾਮ ਨਾਲ ਸ਼ਬਦਾਂ ਵਿੱਚ ਹੇਰਫੇਰ ਕੀਤਾ। ਪਹਿਲਾਂ, ਇਹ ਨਾ, ਬੇਪਰਤੀਤੀ ਦੇ ਹਾਸੇ ਨਾਲ ਜੋੜਿਆ ਗਿਆ ਸੀ (17:17-19; 18:12-15)। ਹੁਣ, ਉਸ ਨੇ ਖੁਸ਼ੀ ਦੇ ਹਾਸੇ ਦਾ ਅਨੁਭਵ ਕੀਤਾ ਸੀ ਅਤੇ ਉਸ ਦਾ ਮੰਨਣਾ ਸੀ ਕਿ ਜਿਨ੍ਹਾਂ ਨੇ ਵੀ ਇੱਕ ਬੁੱਢੀ ਔਰਤ ਦੇ ਇੱਕ ਬੱਚੇ ਨੂੰ ਜਨਮ ਦੇਣ ਦੀ ਕਹਾਣੀ ਬਾਰੇ ਸੁਣਿਆ ਸੀ ਉਸ ਨੇ ਨਾਲ ਹੱਸਣਗੇ – ਨਾ ਕਿ "ਉਸ ਤੇ" ਹੱਸਣਗੇ ਜਿਵੇਂ ਕਿ ਕੁਝ ਲੋਕ ਇਸ ਕਥਨ ਦੀ ਵਿਆਖਿਆ ਕਰਦੇ ਹਨ। ਮਜਾਕ ਦੇ ਹਾਸੇ ਦਾ ਵਿਚਾਰ ਇਸ ਸੰਦਰਭ ਵਿੱਚੋਂ ਪੂਰੀ ਤਰ੍ਹਾਂ ਬਾਹਰ ਹੈ। ਸਾਰਾਹ ਸਪੱਸ਼ਟ ਤੌਰ ਤੇ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਦੇ ਭੈ ਵਿੱਚ ਅਨੰਦ ਹੋ ਰਹੀ ਸੀ, ਜਿਸ ਨੇ ਦੋ ਬੁੱਢੀ ਉਮਰ ਦੇ ਲੋਕਾਂ ਨੂੰ ਮਾਂ-ਬਾਪ ਬਣਾਇਆ ਸੀ।[1]

**ਆਇਤ 7.** ਇਸ ਤੋਂ ਇਲਾਵਾ, ਸਾਰਾਹ ਉਸ ਵੱਡੀ ਖੁਸ਼ੀ ਨੂੰ ਪਰਗਟ ਕਰਦੀ ਰਹੀ ਜੋ ਇਸਹਾਕ ਦਾ ਜਨਮ ਉਸ ਦੇ ਲਈ ਲੈ ਕੇ ਆਇਆ ਸੀ। ਖਾਲੀਪਣ ਦੀਆਂ ਭਾਵਨਾਵਾਂ ਅਤੇ ਬੱਚਾ ਜਣਨ ਦੀ ਆਪਣੀ ਅਸਮਰੱਥਾ ਤੇ ਨਿਰਾਸ਼ਾ ਪਰਗਟ ਕਰਨ ਦੀ ਬਜਾਇ, ਉਸ ਨੇ ਮਾਂ ਬਣਨ ਦੀ ਖੁਸ਼ੀ ਵਿੱਚ ਇਸ ਸਵਾਲ ਨਾਲ ਇਹ ਪੁਕਾਰ ਕੇ ਆਖਿਆ: **ਕੌਣ ਅਬਰਾਹਾਮ ਨੂੰ ਆਖਦਾ ਭਈ ਸਾਰਾਹ ਪੁੱਤ੍ਰਾਂ ਨੂੰ ਦੁੱਧ ਚੁੰਘਾਏਗੀ?** ਬੇਸ਼ੱਕ, ਇਹ ਸਵਾਲ, ਇੱਕ ਨਕਾਰਾਤਮਕ ਜਵਾਬ ਦੀ ਉਮੀਦ ਕਰਦਾ ਹੈ: "ਸਧਾਰਣ ਹਾਲਾਤਾਂ ਵਿੱਚ, ਕਿਸੇ ਨੇ ਵੀ ਅਬਰਾਹਾਮ ਕੋਲ ਇਹ ਖ਼ਬਰ ਲੈ ਕੇ ਜਾਣ ਦੀ ਉਮੀਦ ਨਹੀਂ ਕੀਤੀ ਹੋਵੇਗੀ ਕਿ ਸਾਰਾਹ ਨੇ ਹੁਣੇ ਇੱਕ ਪੁੱਤਰ ਨੂੰ ਜਨਮ ਦਿੱਤਾ ਹੈ ਅਤੇ ਉਹ ਉਸ ਨੂੰ ਦੁੱਧ ਚੁੰਘਾ ਰਹੀ ਹੈ।" ਦਰਅਸਲ, ਜਿਸ ਉਮਰ ਦੇ ਵਿੱਚ ਉਹ ਸਨ ਉਸ ਵਿੱਚ ਬੱਚਾ ਕਰਨ ਦਾ ਸੁਝਾਅ ਵੀ ਇੰਨੀ ਬੇਇਤਬਾਰੀ ਵਾਲੀ ਗੱਲ ਸੀ ਕਿ ਪੁਰਖੇ ਅਤੇ ਉਸ ਦੀ ਪਤਨੀ ਦੋਹਾਂ ਨੇ ਅਜਿਹੀ ਸੰਭਾਵਨਾ ਦੇ ਬਾਰੇ ਪਰਮੇਸ਼ੁਰ ਦੇ ਅੱਗੇ ਪਹਿਲਾਂ ਹੀ ਆਪਣੀ ਬੇਪਰਤੀਤੀ ਨੂੰ ਪਰਗਟ ਕੀਤਾ ਸੀ। ਫਿਰ ਵੀ, "ਅਸੰਭਵ ਸੰਭਾਵਨਾ" ਸੰਭਵ ਹੋ ਗਈ ਅਤੇ ਸਾਰਾਹ ਉੱਚੀ ਅਵਾਜ਼ ਵਿੱਚ ਆਖਿਆ, **ਕਿਉਂਕਿ ਮੈਂ ਉਹ ਦੇ ਬੁਢੇਪੇ ਲਈ ਪੁੱਤ੍ਰ ਜਣੀ।**

## ਸਾਰਾਹ ਦੀ ਈਰਖਾ (21:8-14)

**[8]ਉਹ ਮੁੰਡਾ ਵਧਦਾ ਗਿਆ ਅਰ ਉਹ ਦਾ ਦੁੱਧ ਛੁਡਾਇਆ ਗਿਆ ਅਰ ਅਬਰਾਹਾਮ ਨੇ ਇਸਹਾਕ ਦੇ ਦੁੱਧ ਛੁਡਾਉਣ ਦੇ ਦਿਨ ਵੱਡਾ ਖਾਣਾ ਕੀਤਾ। [9]ਸਾਰਾਹ ਨੇ ਹਾਜਰਾ ਮਿਸਰਨ ਦੇ ਪੁੱਤ੍ਰ ਨੂੰ ਜਿਹ ਨੂੰ ਉਹ ਅਬਰਾਹਾਮ ਲਈ ਜਣੀ ਸੀ ਹਿੜ ਜਿੜ ਕਰਦੇ ਹੋਏ ਡਿੱਠਾ। [10]ਏਸ ਲਈ ਉਹ**

**ਨੇ ਅਬਰਾਹਾਮ ਨੂੰ ਆਖਿਆ ਭਈ ਏਸ ਗੋੱਲੀ ਅਰ ਇਹ ਦੇ ਪੁੱਤ੍ਰ ਨੂੰ ਕੱਢ ਛੱਡ ਕਿਉਂਜੋ ਏਸ ਗੋੱਲੀ ਦਾ ਪੁੱਤ੍ਰ ਮੇਰੇ ਪੁੱਤ੍ਰ ਇਸਹਾਕ ਦੇ ਨਾਲ ਵਾਰਸ ਨਹੀਂ ਹੋਵੇਗਾ। [11]ਪਰ ਆਪਣੇ ਪੁੱਤ੍ਰ ਦੇ ਕਾਰਨ ਅਬਰਾਹਾਮ ਦੀ ਨਿਗਾਹ ਵਿੱਚ ਇਹ ਗੱਲ ਅੱਤ ਬੁਰੀ ਸੀ। [12]ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਆਖਿਆ ਕਿ ਏਹ ਗੱਲ ਏਸ ਮੁੰਡੇ ਅਤੇ ਤੇਰੀ ਗੋੱਲੀ ਦੇ ਵਿਖੇ ਤੇਰੀ ਨਿਗਾਹ ਵਿੱਚ ਬੁਰੀ ਨਾ ਲੱਗੇ। ਜੋ ਕੁਝ ਸਾਰਾਹ ਨੇ ਤੈਨੂੰ ਆਖਿਆ ਹੈ ਤੂੰ ਉਹ ਦੀ ਅਵਾਜ਼ ਸੁਣ ਕਿਉਂਜੋ ਤੇਰੀ ਅੰਸ ਇਸਹਾਕ ਤੋਂ ਹੀ ਪੁਕਾਰੀ ਜਾਵੇਗੀ। [13]ਅਤੇ ਮੈਂ ਉਸ ਗੋੱਲੀ ਦੇ ਪੁੱਤ੍ਰ ਤੋਂ ਵੀ ਇੱਕ ਕੌਮ ਬਣਾਵਾਂਗਾ ਕਿਉਂਕਿ ਉਹ ਵੀ ਤੇਰੀ ਅੰਸ ਹੈ। [14]ਤਦ ਅਬਰਾਹਾਮ ਤੜਕੇ ਉੱਠਿਆ ਅਰ ਰੋਟੀ ਅਰ ਪਾਣੀ ਦੀ ਇੱਕ ਮਸ਼ਕ ਲੈਕੇ ਹਾਜਰਾ ਦੇ ਮੋਢਿਆਂ ਉੱਤੇ ਰੱਖ ਦਿੱਤੀ ਅਤੇ ਮੁੰਡਾ ਵੀ ਦੇ ਦਿੱਤਾ ਤਾਂ ਉਹ ਤੁਰ ਪਈ ਅਤੇ ਬਏਰਸਬਾ ਦੀ ਉਜਾੜ ਵਿੱਚ ਭੌਂਦੀ ਫਿਰਦੀ ਰਹੀ।**

ਇਸਹਾਕ ਦਾ ਜਨਮ ਅਬਰਾਹਾਮ ਅਤੇ ਸਾਰਾਹ ਦੇ ਲਈ ਵੱਡਾ ਅਨੰਦ ਲੈ ਕੇ ਆਇਆ। ਫਿਰ ਵੀ, ਟੱਬਰ ਵਿੱਚ ਹਰ ਕਿਸੇ ਨੇ ਉਸ ਦਾ ਸੁਆਗਤ ਨਹੀਂ ਸੀ ਕੀਤਾ।

**ਆਇਤ 8.** ਬੁੱਢਾ ਪੁਰਖਾ ਅਤੇ ਉਸ ਦੀ ਪਤਨੀ **ਮੁੰਡੇ** ਨੂੰ ਵਧਦਾ ਵੇਖਦੇ ਰਹੇ ਜਦੋਂ ਤੱਕ ਉਸ ਦਾ **ਦੁੱਧ ਨਹੀਂ ਛੁਡਾਇਆ ਗਿਆ**। ਉਸ ਦਿਨ **ਅਬਰਾਹਾਮ ਨੇ ਉਸ ਦੇ ਲਈ ਵੱਡਾ ਖਾਣਾ ਕੀਤਾ**। ਪ੍ਰਾਚੀਨ ਮਸੋਪੋਤਾਮੀਆ ਵਿੱਚ ਅਕਸਰ ਬੱਚੇ ਦਾ ਦੁੱਧ ਲਗਭਗ ਤਿੰਨ ਸਾਲ ਦੀ ਉਮਰ ਵਿੱਚ ਛੁਡਾਇਆ ਜਾਂਦਾ ਸੀ ਅਤੇ ਜਦੋਂ ਬੱਚੇ ਦਾ ਦੁੱਧ ਛੁਡਾਇਆ ਜਾਂਦਾ ਸੀ ਤਾਂ ਵੱਡਾ ਜਸ਼ਨ ਮਨਾਇਆ ਜਾਂਦਾ ਸੀ।[2]

**ਆਇਤ 9.** ਫਿਰ ਵੀ, ਇਸ ਮੌਕੇ ਤੇ, ਇਹ ਜਸ਼ਨ ਥੋੜ੍ਹੀ ਦੇਰ ਦਾ ਹੀ ਸੀ; **ਸਾਰਾਹ** ਦੇ ਲਈ ਇਸ ਜਸ਼ਨ ਦਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ, ਜਦੋਂ ਉਸ ਦੇ **ਹਾਜਰਾ** ਵਿਚਕਾਰ ਫੇਰ ਤੋਂ ਵੈਰ ਸ਼ੁਰੂ ਹੋ ਗਿਆ। ਉਹ ਘਟਨਾ ਜਿਸ ਨੇ ਇਸ ਜਸ਼ਨ ਵਿੱਚ ਰੁਕਾਵਟ ਪੈਦਾ ਕੀਤੀ ਸੀ ਉਹ ਸੀ ਉਹ ਇਸ ਦੀ ਕਿ ਉਸ ਸਮੇਂ ਇਸਮਾਏਲ ਜਿਹੜਾ ਕਿ ਸੋਲ੍ਹਾਂ ਜਾਂ ਸਤਾਰਾਂ ਵਰਿਹਾਂ ਦਾ ਜਵਾਨ ਸੀ,[3] ਇਸਹਾਕ ਨਾਲ "ਖੇਡ ਰਿਹਾ ਸੀ" (NRSV) ਜਾਂ "ਹੱਸ ਰਿਹਾ ਸੀ" (NEB) ਜੋ ਕਿ ਹਾਲੇ ਬਾਲਕ ਸੀ। NASB ਬਾਈਬਲ ਇਹ ਕਹਿੰਦੇ ਹੋਏ ਇੱਕ ਮਜ਼ਬੂਤ ਗੱਲ ਦਾ ਸੁਝਾਅ ਦਿੰਦੀ ਹੈ ਕਿ ਸਾਰਾਹ ਨੇ ਇਸਮਾਏਲ ਨੂੰ ਉਸ ਦੇ ਬੱਚੇ ਦਾ ਮਜਾਕ ਉਡਾਉਂਦੇ (צָחַק, *ਸਚਾਕ*) ਵੇਖਿਆ। ਸਚਾਕ ਸ਼ਬਦ ਦੇ ਸੰਭਵ ਤੌਰ ਤੇ ਕਈ ਅਰਥ ਹਨ, ਸੰਦਰਭ ਤੇ ਨਿਰਭਰ ਕਰਦਿਆਂ। ਫਿਰ ਵੀ, ਇੱਥੇ "ਮਜਾਕ ਉਡਾਉਣਾ" ਸ਼ਬਦ ਇੰਨਾ ਜ਼ਿਆਦਾ ਮਜ਼ਬੂਤ ਨਹੀਂ ਹੋ ਸਕਦਾ, ਕਿਉਂਕਿ ਪੌਲੁਸ ਨੇ ਇਸ ਹਵਾਲੇ ਦਾ ਅਰਥ ਇਹ ਸਮਝਿਆ ਸੀ ਕਿ ਇਸਮਾਏਲ ਇਸਹਾਕ ਨੂੰ "ਸਤਾਉਂਦਾ ਸੀ" (ਗਲਾਤੀਆਂ 4:29)।[4] ਅਸਲ ਵਿੱਚ ਹਾਜਰਾ ਦੇ ਪੁੱਤਰ ਨੇ ਇਸ ਛੋਟੇ ਜਿਹੇ ਬੱਚੇ ਨਾਲ ਕੀ ਕੀਤਾ ਸੀ, ਅਸੀਂ ਨਹੀਂ ਜਾਣਦੇ; ਪਰ ਸਾਰਾਹ ਨੇ ਹਾਜਰਾ ਦੇ ਪੁੱਤਰ ਇਸਮਾਏਲ ਨੂੰ ਆਪਣੇ ਪੁੱਤਰ ਦੇ ਲਈ ਇੱਕ ਖ਼ਤਰਾ ਸਮਝਿਆ। ਕਈਆਂ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਜਵਾਨ ਬਾਲਦ ਦਾ ਮਜਾਕ ਉਡਾਇਆ ਸੀ ਅਤੇ ਇਹ ਦਾਅਵਾ ਕਰਨ ਦੁਆਰਾ ਉਸ ਨੂੰ ਮਾਨਸਿਕ ਦੁੱਖ ਦਿੱਤਾ ਸੀ ਕਿ ਉਹ ਕਦੇ ਵੀ ਅਬਰਾਹਾਮ ਦੇ ਅਸਲੀ ਵਾਰਸ ਦਾ ਰੁਤਬਾ ਹਾਸਲ ਨਹੀਂ ਕਰ ਪਾਵੇਗਾ। ਦੂਜੇ ਪਾਸੇ, ਉਸ ਦੇ ਸ਼ਬਦ ਇਸਹਾਕ ਨਾਲ ਉਸ ਦੀ ਇਸ ਬੁਰੀ ਖੇਡ ("ਬੁਰੇ ਵਿਹਾਰ"[5]) ਵਿੱਚ ਜ਼ਿਆਦਾ ਅਸ਼ੁਭ ਰਹੇ ਹੋਣਗੇ।

**ਆਇਤ 10.** ਜੋ ਕੁਝ ਵੀ ਸਾਰਾਹ ਨੇ ਵੇਖਿਆ ਸੀ ਉਸ ਦੇ ਕਾਰਣ ਸਾਰਾਹ ਨੂੰ ਆਪਣੇ ਪੁੱਤਰ ਨੂੰ ਸੰਭਵ ਤੌਰ ਤੇ ਸਰੀਰਕ ਚੋਟ ਪਹੁੰਚਣ ਦਾ ਡਰ ਸੀ, ਜਾਂ ਉਸ ਨੇ ਇਸਮਾਏਲ ਦੇ ਕੰਮਾਂ ਨੂੰ ਭਵਿੱਖ ਵਿੱਚ ਹਿੰਸਾ ਦੇ ਰੂਪ ਵਿੱਚ ਵੇਖਿਆ ਸੀ ਜੋ ਉਸ ਦੇ ਪੁੱਤਰ ਦੇ ਜੀਵਨ ਨੂੰ ਖ਼ਤਰੇ ਵਿੱਚ

ਪਾ ਸਕਦੀ ਸੀ। ਇਸ ਲਈ, ਉਸ ਨੇ ਆਪਣੇ ਪਤੀ ਦੇ ਅੱਗੇ ਮਿੰਨਤ ਕੀਤੀ ਕਿ **ਭਈ ਏਸ ਗੋੱਲੀ ਅਰ ਇਹ ਦੇ ਪੁੱਤ੍ਰ ਨੂੰ ਕੱਢ ਛੱਡ ਕਿਉਂਜੋ ਏਸ ਗੋੱਲੀ ਦਾ ਪੁੱਤ੍ਰ ਮੇਰੇ ਪੁੱਤ੍ਰ ਇਸਹਾਕ ਦੇ ਨਾਲ ਵਾਰਸ ਨਹੀਂ ਹੋਵੇਗਾ।**

ਜਦੋਂ ਉਸ ਨੇ ਅਬਰਾਹਾਮ ਦੇ ਅੱਗੇ ਹਾਜਰਾ ਅਤੇ ਇਸਮਾਏਲ ਨੂੰ "ਕੱਢਣ" ਦੀ ਬੇਨਤੀ ਕੀਤੀ, ਉਸ ਨੇ ਇਬਰਾਨੀ ਸ਼ਬਦ גָּרַשׁ (*ਗਾਰਸ਼*) ਦੀ ਵਰਤੋਂ ਕੀਤੀ। ਇਹ ਉਹੀ ਸ਼ਬਦ ਹੈ ਜੋ 3:24 ਵਿੱਚ ਵਰਤਿਆ ਗਿਆ ਸੀ, ਜਦੋਂ ਪਰਮੇਸ਼ੁਰ ਨੇ "ਆਦਮੀ [ਆਦਮ] ਅਦਨ ਦੇ ਬਾਗ ਵਿੱਚੋਂ ਕੱਢ ਦਿੱਤਾ।" ਇਹ ਸ਼ਬਦ ਫੇਰ 4:14 ਵਿੱਚ ਕਇਨ ਦੇ ਸੰਦਰਭ ਵਿੱਚ ਮਿਲਦਾ ਹੈ, ਜਿਸ ਨੂੰ "ਜ਼ਮੀਨ ਦੇ ਉੱਤੋਂ ਦੁਰਕਾਰ ਦਿੱਤਾ ਗਿਆ।" 21:10 ਵਿੱਚ, ਇਸ ਦਾ ਅਰਥ ਤਲਾਕ ਹੈ, ਹਾਲਾਂਕਿ ਇਹ ਮੂਸਾ ਦੀ ਸ਼ਰਾ ਵਿੱਚ ਇਸ ਦੇ ਸ਼ਾਮਲ ਕੀਤੇ ਜਾਣ ਤੱਕ ਵਿਆਹ ਨੂੰ ਭੰਗ ਕਰਨ ਜਾਂ ਤੋੜਨ ਦੇ ਲਈ ਇੱਕ ਤਕਨੀਕੀ ਸ਼ਬਦ ਦੇ ਰੂਪ ਵਿੱਚ ਨਹੀਂ ਆਉਂਦਾ ਹੈ (ਲੇਵੀਆਂ 21:7, 14; 22:13; ਗਿਣਤੀ 30:9; ਵੇਖੋ ਹਿਜ਼ਕੀਏਲ 44:22)।[6]

**ਆਇਤ 11.** ਅਬਰਾਹਾਮ ਨੇ ਆਪਣੇ ਆਪ ਨੂੰ ਇੱਕ ਕਿਸਮ ਦੀ ਦੁਬਿਧਾ ਵਿੱਚ ਪਾਇਆ ਜਿਸ ਦਾ ਇੱਕ ਤੋਂ ਵੱਧ ਵਿਆਹ ਕਰਨ ਵਾਲੇ ਆਮ ਤੌਰ ਤੇ ਅਨੁਭਵ ਕਰਦੇ ਹਨ: ਉਸ ਨੂੰ ਇੱਕ ਪਰਿਵਾਰ ਦੇ ਪੱਖ ਵਿੱਚ ਹੋਣ ਦਾ ਫ਼ੈਸਲਾ ਲੈਣਾ ਪੈਣਾ ਸੀ। ਕਹਾਣੀ ਨੂੰ ਬਿਆਨ ਕਰਨ ਵਾਲੇ ਨੇ ਇਹ ਦੱਸਣ ਦੁਆਰਾ ਉਸ ਦੀ ਅੰਦਰੂਨੀ ਜੱਦੋ-ਜਹਿਦ ਦਾ ਵਰਣਨ ਕੀਤਾ ਹੈ ਕਿ **ਆਪਣੇ ਪੁੱਤ੍ਰ** [ਇਸਮਾਏਲ] **ਦੇ ਕਾਰਣ ਅਬਰਾਹਾਮ ਦੀ ਨਿਗਾਹ ਵਿੱਚ ਇਹ ਗੱਲ ਅੱਤ ਬੁਰੀ ਸੀ**। ਆਪਣੇ ਪਲੌਠੇ ਪੁੱਤਰ ਦੇ ਲਈ ਇਸ ਬਜ਼ੁਰਗ ਦਾ ਪ੍ਰੇਮ ਬਹੁਤ ਹੀ ਜ਼ਿਆਦਾ ਸੀ ਅਤੇ ਉਹ ਸਾਰਾਹ ਦੀ ਇਸ ਮੰਗ ਦੇ ਕਾਰਣ ਅੰਦਰ ਹੀ ਅੰਦਰ ਪਰੇਸ਼ਾਨ ਅਤੇ ਦੁੱਖ ਨਾਲ ਭਰਿਆ ਹੋਇਆ ਸੀ। ਕਿਉਂਕਿ ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਇਸਹਾਕ ਨੂੰ ਵਾਅਦੇ ਦੀ ਅੰਸ ਦੇ ਰੂਪ ਵਿੱਚ ਪਛਾਣ ਲਿਆ ਸੀ ਜਿਸ ਨੂੰ ਨੇਮ ਦੀ ਬਰਕਤ ਮਿਲਣੀ ਸੀ (17:17-20; 18:9-15), ਅਬਰਾਹਾਮ ਨੂੰ ਸ਼ਾਇਦ ਇਸ ਗੱਲ ਦੀ ਹੈਰਾਨੀ ਸੀ ਕਿ ਇਹ ਦੋਵੇਂ ਔਰਤਾਂ ਸ਼ਾਂਤੀ ਨਾਲ ਕਿਉਂ ਨਹੀਂ ਸੀ ਰਹਿ ਸਕਦੀਆਂ। ਫਿਰ ਵੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਸ ਦੀਆਂ ਪਤਨੀਆਂ ਵਿਚਕਾਰ ਆਪਸੀ ਦੁਸ਼ਮਣੀ ਸੱਚਮੁੱਚ ਕਦੇ ਖਤਮ ਨਹੀਂ ਹੋਈ ਅਤੇ ਹੁਣ ਸਾਰਾਹ ਨੇ ਇਸਮਾਏਲ ਦੀਆਂ ਗੱਲਾਂ ਅਤੇ ਕੰਮਾਂ ਵਿੱਚ ਇਸਹਾਕ ਦੇ ਲਈ ਇੱਕ ਖ਼ਤਰਨਾਕ ਈਰਖਾ ਵੇਖੀ, ਉਹ ਸਥਿਤੀ ਜਿਸ ਦੇ ਵਿੱਚ ਪੁਰਖੇ ਦਾ ਘਰ ਬਿਨਾਂ ਇਲਾਜ ਦੇ ਸੀ।

**ਆਇਤ 12. ਪਰਮੇਸ਼ੁਰ** ਨੇ **ਅਬਰਾਹਾਮ** ਨੂੰ ਨਸੀਹਤ ਦਿੱਤੀ: **ਏਹ ਗੱਲ ਏਸ ਮੁੰਡੇ ਅਤੇ ਤੇਰੀ ਗੋੱਲੀ ਦੇ ਵਿਖੇ ਤੇਰੀ ਨਿਗਾਹ ਵਿੱਚ ਬੁਰੀ ਨਾ ਲੱਗੇ।** ਅਨੁਵਾਦ ਕੀਤਾ ਗਿਆ ਸ਼ਬਦ "ਮੁੰਡੇ" (נַעַר, *ਨਾਰ*) ਇਬਰਾਨੀ ਸ਼ਬਦ ਕਿਸੇ ਵੀ ਉਮਰ ਦੇ ਪੁਰਸ਼ ਬਾਲਕ ਦੇ ਲਈ ਵਰਤਿਆ ਜਾ ਸਕਦਾ ਹੈ, ਛੋਟੇ ਜਿਹੇ ਬੱਚੇ ਤੋਂ ਲੈ ਕੇ ਵੱਡੇ ਆਦਮੀ ਤੱਕ। ਉਦਾਹਰਣ ਦੇ ਲਈ, ਸਮੂਏਲ ਦੇ ਲਈ ਜਦੋਂ ਹੰਨਾਹ ਦੁਆਰਾ ਉਸ ਦਾ ਦੁੱਧ ਛੁਡਾਇਆ ਗਿਆ (1 ਸਮੂਏਲ 1:24), ਸਤਾਰਾਂ ਸਾਲ ਦੀ ਉਮਰ ਵਿੱਚ ਯੂਸੁਫ਼ ਦੇ ਲਈ (37:2) ਅਤੇ ਯੂਸੁਫ਼ ਦੇ ਲਈ ਫੇਰ *ਨਾਰ* ਸ਼ਬਦ ਵਰਤਿਆ ਗਿਆ ਜਦੋਂ ਉਹ ਤੀਹ ਵਰਿਹਾਂ ਦਾ ਸੀ (41:12, 46)। ਪਰਮੇਸ਼ੁਰ ਨੇ ਇਸਮਾਏਲ ਨੂੰ "ਮੁੰਡਾ" ਕਹਿ ਕੇ ਬੁਲਾਇਆ ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਇਸਹਾਕ ਦੇ ਵਾਂਗ ਇੱਕ ਛੋਟਾ ਬੱਚਾ ਸੀ।

ਇਹ ਘਰਾਣਾ ਨਿੱਜੀ ਭਾਵਨਾਵਾਂ ਤੋਂ ਵੀ ਵੱਧ ਕੇ ਕਿਸੇ ਮਹੱਤਵਪੂਰਣ ਚੀਜ਼ ਨਾਲ ਨਜਿੱਠ ਰਿਹਾ ਸੀ। ਇਸਹਾਕ ਉਸ ਵਸੀਲਾ ਸੀ ਜਿਸ ਦੇ ਰਾਹੀਂ ਯਹੋਵਾਹ ਪੁਰਖੇ ਦੀ ਅੰਸ ਨੂੰ ਅਤੇ ਆਖ਼ਰਕਾਰ ਧਰਤੀ ਦੇ ਸਾਰੇ ਘਰਾਣਿਆਂ ਨੂੰ ਬਰਕਤ ਦੇਵੇਗਾ। ਇਸ ਲਈ, ਪਰਮੇਸ਼ੁਰ ਨੇ ਸਾਰਾਹ ਦੇ ਸੰਬੰਧ ਵਿੱਚ ਅਬਰਾਹਾਮ ਨੂੰ ਇਹ ਹਦਾਇਤ ਦਿੱਤੀ: **ਜੋ ਕੁਝ ਸਾਰਾਹ ਨੇ ਤੈਨੂੰ ਆਖਿਆ ਹੈ ਤੂੰ**

**ਉਹ ਦੀ ਅਵਾਜ਼ ਸੁਣ ਕਿਉਂਜੋ ਤੇਰੀ ਅੰਸ ਇਸਹਾਕ ਤੋਂ ਹੀ ਪੁਕਾਰੀ ਜਾਵੇਗੀ** (ਵੇਖੋ 12:2, 3; 17:19)। ਦੂਜੇ ਸ਼ਬਦਾਂ ਵਿੱਚ, ਇਸਹਾਕ ਨੂੰ ਨੇਮ ਦੀਆਂ ਬਰਕਤਾਂ ਵਿੱਚ ਇੱਕ ਖਾਸ ਥਾਂ ਮਿਲੀ ਸੀ ਅਤੇ ਪਰਮੇਸ਼ੁਰ ਦੇ ਲੋਕਾਂ ਦੀਆਂ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਵੰਸ਼ਾਵਲੀ ਦਾ ਅਬਰਾਹਾਮ ਤੋਂ ਲੈ ਕੇ ਵਾਅਦੇ ਦੇ ਪੁੱਤਰ ਇਸਹਾਕ ਦਾ ਵੀ ਜ਼ਿਕਰ ਕਰਨਗੀਆਂ।

ਪਰਮੇਸ਼ੁਰ ਨੂੰ ਅਬਰਾਹਾਮ ਨੂੰ ਹਾਜਰਾ ਅਤੇ ਇਸਮਾਏਲ ਨੂੰ ਘਰੋਂ ਕੱਢਣ ਦੇ ਲਈ ਕਈ ਕਾਰਣਾਂ ਕਰਕੇ ਨਸੀਹਤ ਦੇਣੀ ਪਈ ਸੀ। (1) ਪੁਰਖਾ ਉਨ੍ਹਾਂ ਦੋਹਾਂ ਨੂੰ ਪ੍ਰੇਮ ਕਰਦਾ ਸੀ ਅਤੇ ਉਸ ਦੀ ਗੋੱਲੀ ਪਤਨੀ ਅਤੇ ਉਸ ਦੇ ਪਲੌਠੇ ਨੂੰ ਭੇਜਣ ਦੇ ਵਿਚਾਰ ਨੇ ਉਸ ਦੇ ਦਿਲ ਨੂੰ ਤੋੜ ਦਿੱਤਾ। (2) ਅਬਰਾਹਾਮ ਨੇ ਸ਼ਾਇਦ ਉਸ ਆਖ਼ਰੀ ਸਮੇਂ ਨੂੰ ਯਾਦ ਕੀਤਾ ਜਦੋਂ ਉਸ ਨੇ ਸਾਰਾਹ ਦੀ ਗੱਲ ਮੰਨੀ ਅਤੇ ਹਾਜਰਾ ਦੇ ਰਾਹੀਂ ਪੁੱਤਰ ਨੂੰ ਜਨਮ ਦੇਣ ਦੇ ਲਈ ਸਹਿਮਤ ਹੋਇਆ। ਸਾਰਾਹ ਦੀ ਯੋਜਨਾ ਅਤੇ ਅਬਰਾਹਾਮ ਦਾ ਇਸ ਯੋਜਨਾ ਵਿੱਚ ਹਿੱਸਾ ਲੈਣਾ ਉਨ੍ਹਾਂ ਦੀ ਵੱਲੋਂ ਨਿਹਚਾ ਦੀ ਕਮੀ ਨੂੰ ਵਿਖਾਉਂਦਾ ਸੀ ਅਤੇ ਇਸ ਨੇ ਉਨ੍ਹਾਂ ਦੇ ਘਰ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕੀਤੀਆਂ (16:1-6)। (3) ਪ੍ਰਾਚੀਨ ਮਸੋਪੋਤਾਮੀਆ ਦੀਆਂ ਸੱਭਿਆਚਾਰਕ ਰਵਾਇਤਾਂ ਦੇ ਅਨੁਸਾਰ ਜਿਨ੍ਹਾਂ ਦੇ ਅਧੀਨ ਅਬਰਾਹਾਮ ਨੇ ਆਪਣਾ ਜੀਵਨ ਗੁਜਾਰਿਆ ਸੀ, ਉਸ ਦੇ ਕੋਲ – ਨਾ ਕਿ ਉਸ ਦੀ ਪਤਨੀ ਕੋਲ – ਪਰਿਵਾਰਕ ਨੀਤੀ ਨੂੰ ਨਿਰਧਾਰਤ ਕਰਨ ਦਾ ਹੱਕ ਸੀ। ਇਸੇ ਕਾਰਣ, ਸ਼ਾਇਦ ਉਸ ਨੇ ਆਪਣੀ ਪਤਨੀ ਦੀਆਂ ਇੱਛਾਵਾਂ ਦੇ ਅੱਗੇ ਆਪਣੇ ਆਪ ਨੂੰ ਅਧੀਨ ਕਰਨ ਦੇ ਲਈ ਕੁਝ ਹੱਦ ਤੱਕ ਪਰਮੇਸ਼ੁਰ ਦੇ ਹੁਕਮ ਨੂੰ ਨਾਪਸੰਦ ਕੀਤਾ ਸੀ ਕਿਉਂਕਿ ਉਹ ਪੁਰਖੇ ਦੀ ਯੋਜਨਾ ਦੀ ਬਜਾਇ ਪਰਮੇਸ਼ੁਰ ਦੀ ਰੱਬੀ ਯੋਜਨਾ ਨਾਲ ਜ਼ਿਆਦਾ ਸਹਿਮਤ ਸਨ।

**ਆਇਤ 13.** ਸਾਰ ਵਿੱਚ, ਪਰਮੇਸ਼ੁਰ ਨੇ ਉਸ ਵਾਅਦੇ ਨੂੰ ਦੁਹਰਾਇਆ ਜੋ ਉਸ ਨੇ 17:20 ਵਿੱਚ ਇਸਮਾਏਲ ਸੰਬੰਧੀ ਅਬਰਾਹਾਮ ਨਾਲ ਕੀਤਾ ਸੀ: "ਮੈਂ ਉਸ ਤੋਂ ਇੱਕ ਵੱਡੀ ਕੌਮ ਬਣਾਵਾਂਗਾ।" ਪੁਰਖੇ ਨੂੰ ਇਹ ਭਰੋਸਾ ਦੇਣ ਦੇ ਲਈ ਕਿ ਉਹ ਪਲੋਠਾ ਪੁੱਤਰ ਉਸ ਦੇ ਅਤੇ ਉਸ ਦੇ ਮਾਂ ਦੇ ਬਾਹਰ ਕੱਢੇ ਜਾਣ ਤੋਂ ਬਾਅਦ ਨਾਸ ਨਹੀਂ ਹੋਵੇਗਾ, ਯਹੋਵਾਹ ਨੇ ਕਿਹਾ, **ਅਤੇ ਮੈਂ ਉਸ ਗੋੱਲੀ ਦੇ ਪੁੱਤ੍ਰ ਤੋਂ ਵੀ ਇੱਕ ਕੌਮ ਬਣਾਵਾਂਗਾ ਕਿਉਂਕਿ ਉਹ ਵੀ ਤੇਰੀ ਅੰਸ ਹੈ।** ਇਸ ਤਰੀਕੇ ਨਾਲ, ਪਰਮੇਸ਼ੁਰ ਨੇ ਤਸੱਲੀ ਵਾਲੇ ਸ਼ਬਦਾਂ ਨਾਲ ਪੁਰਖੇ ਦੇ ਦੁਖੀ ਹਿਰਦੇ ਨੂੰ ਸ਼ਾਂਤ ਕੀਤਾ। ਉਸ ਨੇ ਆਇਤ 13 ਵਿੱਚ ਇਸਮਾਏਲ ਨਾਲ ਕੀਤੇ ਗਏ ਵਾਅਦੇ ਨੂੰ ਪਹਿਲੇ ਭਰੋਸੇ ਨਾਲ ਵੀ ਜੋੜਿਆ ਜੋ ਉਸ ਨੇ ਆਇਤ 12 ਵਿੱਚ ਇਸਹਾਕ ਦੇ ਸੰਬੰਧ ਵਿੱਚ ਦਿੱਤਾ ਸੀ।

**ਆਇਤ 14.** ਅਬਰਾਹਾਮ ਪਰਤੱਖ ਰੂਪ ਵਿੱਚ ਸਾਰੀ ਰਾਤ ਸਹੀ ਤਰ੍ਹਾਂ ਨਹੀਂ ਸੁੱਤਾ ਜਦੋਂ ਉਹ ਉਸ ਦੀ ਗੁਲਾਮ-ਪਤਨੀ ਅਤੇ ਉਸ ਦੇ ਪਲੌਠੇ ਪੁੱਤਰ ਨੂੰ ਘਰੋਂ ਬਾਹਰ ਕੱਢਣ ਦੇ ਦੁਖੀ ਕੰਮ ਦਾ ਸਾਹਮਣਾ ਕਰ ਰਿਹਾ ਸੀ। ਉਸ ਨੂੰ ਬਹੁਤ ਥੋੜ੍ਹੀ ਆਸ ਸੀ ਕਿ ਉਹ ਉਨ੍ਹਾਂ ਨੂੰ ਦੁਬਾਰਾ ਕਦੀ ਵੇਖ ਪਾਵੇਗਾ। ਬੇਚੈਨੀ ਵਿੱਚ ਰਾਤ ਗੁਜਾਰਨ ਤੋਂ ਇਲਾਵਾ, ਪੁਰਖਾ ਸ਼ਾਇਦ ਚਾਹੁੰਦਾ ਸੀ ਕਿ ਹਾਜਰਾ ਅਤੇ ਇਸਮਾਏਲ ਆਪਣੇ ਸਫ਼ਰ ਦੀ ਸ਼ੁਰੂਆਤ ਸਵੇਰੇ ਤੜਕੇ ਕਰਨ ਤਾਂ ਜੋ ਉਹ ਦੁਪਹਿਰ ਦੀ ਤਿੱਖੀ ਧੁੱਪ ਹੋਣ ਤੋਂ ਪਹਿਲਾਂ ਜਿੰਨਾ ਸੰਭਵ ਹੋ ਸਕੇ ਆਪਣਾ ਸਫ਼ਰ ਤਹਿ ਕਰ ਸਕਣ। ਇਸ ਲਈ, ਮੂਲ ਲਿਖਤ ਕਹਿੰਦੀ ਹੈ ਕਿ **ਅਬਰਾਹਾਮ ਤੜਕੇ ਉੱਠਿਆ ਅਰ ਰੋਟੀ ਅਰ ਪਾਣੀ ਦੀ ਇੱਕ ਮਸ਼ਕ ਲੈਕੇ ਹਾਜਰਾ ਦੇ ਮੋਢਿਆਂ ਉੱਤੇ ਰੱਖ ਦਿੱਤੀ ਅਤੇ ਮੁੰਡਾ ਵੀ ਦੇ ਦਿੱਤਾ।**

ਪਾਠਕ ਇਸ ਗੱਲ ਤੋਂ ਹੈਰਾਨ ਹੋ ਸਕਦੇ ਹਨ ਕਿ ਕਿਉਂ ਪੁਰਖੇ ਨੇ ਆਪਣੇ ਪਰਿਵਾਰ ਦੇ ਉਨ੍ਹਾਂ ਜੀਆਂ ਨੂੰ ਜੋ ਉਜਾੜ ਦੇ ਵਿੱਚੋਂ ਦੀ ਸਫ਼ਰ ਕਰਨ ਜਾ ਰਹੇ ਸਨ ਰੋਟੀ ਅਤੇ ਪਾਣੀ ਦੀ ਮਸ਼ਕ ਤੋਂ ਵੱਧ ਕੇ ਕੁਝ ਨਹੀਂ ਦਿੱਤਾ।[7] ਕੀ ਉਹ ਇਹ ਉਮੀਦ ਕਰ ਰਿਹਾ ਸੀ ਕਿ ਰਸਤੇ ਵਿੱਚ ਉਨ੍ਹਾਂ ਦਾ ਕੋਈ ਨਾ ਕੋਈ ਪ੍ਰਬੰਧ ਹੋ ਜਾਵੇਗਾ? ਕੀ ਅਬਰਾਹਾਮ ਦਾ ਗੁਪਤ ਇਰਾਦਾ ਸੀ ਕਿ ਉਹ ਜ਼ਿਆਦਾ

ਦੂਰ ਦਾ ਸਫ਼ਰ ਨਾ ਕਰਨ ਕਿਉਂਕਿ ਉਸ ਦਾ ਮੰਨਣਾ ਸੀ ਕਿ ਛੇਤੀ ਹੀ ਸਾਰਾਹ ਦਾ ਗੁੱਸਾ ਘੱਟ ਜਾਵੇਗਾ ਅਤੇ ਉਹ ਵਾਪਸ ਘਰ ਪਰਤ ਆਉਣਗੇ?

ਸੰਭਵ ਤੌਰ ਤੇ, ਦੁਖੀ ਪਤੀ ਅਤੇ ਪਿਤਾ ਇਹ ਯਾਦ ਕਰ ਰਹੇ ਸਨ ਕਿ ਪਹਿਲਾਂ ਵੀ, ਜਦੋਂ ਹਾਜਰਾ ਉਜਾੜ ਵਿੱਚ ਭੱਜ ਕੇ ਗਈ ਸੀ ਤਾਂ "ਦੂਤ ਨੇ ਉਹ ਨੂੰ ਪਾਣੀ ਦੇ ਚਸ਼ਮੇ ਕੋਲ ਉਜਾੜ ਵਿੱਚ ਲੱਭਿਆ" ਅਤੇ ਉਸ ਨੂੰ ਵਾਪਸ ਘਰ ਭੇਜ ਦਿੱਤਾ (16:7-14)। ਕੀ ਹਾਜਰਾ ਅਤੇ ਇਸਮਾਏਲ ਨੂੰ ਇਸ ਵਾਰ ਵੀ ਉਸੇ ਤਰ੍ਹਾਂ ਦਾ ਅਨੁਭਵ ਹੋਵੇਗਾ? ਬੇਸ਼ੱਕ, ਸਾਨੂੰ ਨਹੀਂ ਪਤਾ ਕਿ ਪੁਰਖੇ ਦੇ ਮਨ ਵਿੱਚ ਕਿਹੋ ਜਿਹੇ ਵਿਚਾਰ ਚੱਲ ਰਹੇ ਸਨ; ਪਰ, ਉਹ ਵਿਚਾਰ ਜੋ ਵੀ ਸਨ, ਉਸ ਨੇ ਉਜਾੜ ਦੀ ਤਪਦੀ ਹੋਈ ਧੁੱਪ ਵਿੱਚ ਇੱਕ ਦਿਨ ਦਾ ਵੀ ਸਫ਼ਰ ਕਰਨ ਦੇ ਲਈ ਦੋ ਲੋਕਾਂ ਨੂੰ ਚੋਖਾ ਪਾਣੀ ਨਹੀਂ ਸੀ ਦਿੱਤਾ।[8] ਉਸ ਨੇ ਵਿਸ਼ਵਾਸ ਕੀਤਾ ਹੋਵੇਗਾ ਕਿ ਪਰਮੇਸ਼ੁਰ ਕਿਸੇ ਨਾ ਕਿਸੇ ਤਰ੍ਹਾਂ ਦਖਲਅੰਦਾਜ਼ੀ ਕਰੇਗਾ ਅਤੇ ਉਨ੍ਹਾਂ ਨੂੰ ਉਜਾੜ ਵਿੱਚ ਨਾਸ ਹੋਣ ਤੋਂ ਬਚਾਵੇਗਾ।

ਇਸ ਕਥਨ ਤੇ ਇੱਕ ਹੋਰ ਸਮੱਸਿਆ ਇਹ ਖੜ੍ਹੀ ਹੁੰਦੀ ਹੈ ਕਿ ਅਬਰਾਹਾਮ ਨੇ ਉਨ੍ਹਾਂ ਨੂੰ **ਮੋਢਿਆਂ ਉੱਤੇ ਰੱਖ ਦਿੱਤੀ ਅਤੇ ਮੁੰਡਾ ਵੀ ਦੇ ਦਿੱਤਾ ਤਾਂ ਉਹ ਤੁਰ ਪਈ**। ਅਸਲ ਵਿੱਚ ਹਾਜਰਾ ਨੇ ਮੋਢਿਆਂ ਉੱਤੇ ਕੀ ਚੁੱਕਿਆ ਸੀ? LXX ਅਤੇ ਸੀਰੀਅਨ ਪਸ਼ਿੱਟਾ ਅਨੁਵਾਦ ਇਹ ਸੁਝਾਅ ਦਿੰਦੇ ਹਨ ਕਿ ਰੋਟੀ ਅਤੇ ਪਾਣੀ ਤੋਂ ਇਲਾਵਾ, ਅਬਰਾਹਾਮ ਨੇ ਬਾਲਕ (ਇਸਮਾਏਲ) ਨੂੰ ਉਸ ਦੇ ਮੋਢਿਆਂ ਉੱਤੇ ਰੱਖਿਆ। ਕੁਝ ਆਧੁਨਿਕ ਕਮੈਂਟਰੀਆਂ ਅਤੇ ਅਨੁਵਾਦ ਇਹੀ ਅਰਥ ਪੇਸ਼ ਕਰਦੇ ਹਨ (RSV; NRSV; NEB; REB; NAB; JB; NJB; TEV; NJPSV; NCV; CEV; ESV)। ਇਸ ਤੋਂ ਇਲਾਵਾ, ਬਾਈਬਲ ਦੇ ਕੁਝ ਆਲੋਚਕ ਇਸ ਵਿਚਾਰ ਦਾ ਸਮਰਥਨ ਕਰਨ ਦੇ ਲਈ ਇਹੀ ਤਰਕ ਦਿੰਦੇ ਹਨ ਕਿ ਉਤਪਤ ਦੇ ਲੇਖਕ ਨੇ ਖੰਡਣਾਤਮਕ ਸ੍ਰੋਤਾਂ ਦੀ ਵਰਤੋਂ ਕੀਤੀ ਜਦੋਂ ਉਸ ਨੇ ਇਸ ਕਹਾਣੀ ਦੀ ਰਚਨਾ ਕੀਤੀ। ਇਹ ਤਰਕ ਦਿੱਤਾ ਜਾਂਦਾ ਹੈ ਕਿ ਹਾਜਰਾ ਇਸਮਾਏਲ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਲੈ ਜਾਣ ਵਿੱਚ ਅਸਮਰੱਥ ਰਹੀ ਹੋਵੇਗੀ; ਇਸ ਲਈ, 21:9 ਤੇ ਚਰਚਾ ਅਤੇ 16:1-4. 16 ਦੇ ਘਟਨਾਕ੍ਰਮ ਦੀ ਤੁਲਨਾ ਵਿੱਚ, ਇਸਮਾਏਲ ਸ਼ਾਇਦ ਛੋਟਾ ਜਿਹਾ ਬੱਚਾ ਸੀ।

ਹਾਲਾਂਕਿ ਇਬਰਾਨੀ ਰਚਨਾਕ੍ਰਮ ਕੁਝ ਹੱਦ ਤੱਕ ਬੇਢੰਗਾ ਹੈ, ਮੂਲ ਲਿਖਤ ਨੂੰ ਸਮਝਣ ਦਾ ਇਹੀ ਇਕਮਾਤਰ – ਜਾਂ ਉੱਤਮ – ਤਰੀਕਾ ਨਹੀਂ ਹੈ, ਜਿਵੇਂ ਕਿ NASB ਅਤੇ NIV ਵਿੱਚ ਸਪੱਸ਼ਟ ਹੈ। ਇਬਰਾਨੀ ਭਾਸ਼ਾ ਵਿੱਚ ਇਸ ਦਾ ਜਥਾਰਥ ਅਰਥ ਇਹ ਹੈ: "ਅਤੇ ਅਬਰਾਹਾਮ ਤੜਕੇ ਉੱਠਿਆ ਅਰ ਉਸ ਨੇ ਰੋਟੀ ਅਰ ਪਾਣੀ ਦੀ ਇੱਕ ਮਸ਼ਕ ਲਈ ਅਤੇ ਹਾਜਰਾ ਦੇ ਮੋਢਿਆਂ ਉੱਤੇ ਰੱਖ ਕੇ ਉਸ ਨੂੰ ਦੇ ਦਿੱਤੀ ਅਤੇ ਉਸ ਨੇ ਮੁੰਡਾ ਵੀ ਦੇ ਦਿੱਤਾ ਅਤੇ ਉਸ ਨੂੰ ਭੇਜ ਦਿੱਤਾ।"[9]

21:10 ਵਿੱਚ "ਕੱਢ ਛੱਡ" ਸ਼ਬਦ ਦੇ ਵਾਂਗ, "ਭੇਜ ਦਿੱਤਾ" (חָלַשׁ, *ਸ਼ਲਾਚ*) ਸ਼ਬਦ ਦਾ ਅਰਥ ਵੀ "ਤਲਾਕ" ਦੇਣਾ ਹੈ (ਬਿਵਸਥਾ ਸਾਰ 22:19, 29; ਯਸਾਯਾਹ 50:1; ਯਿਰਮਿਯਾਹ 3:1; ਮਲਾਕੀ 2:16)। ਫਿਰ ਵੀ, ਬਾਅਦ ਵਾਲਾ ਸ਼ਬਦ ਪਹਿਲੇ ਸ਼ਬਦ ਜਿੰਨਾ ਕਠੋਰ ਪ੍ਰਤੀਤ ਨਹੀਂ ਹੁੰਦਾ। ਜਦ ਕਿ ਸਾਰਾਹ ਚਾਹੁੰਦੀ ਸੀ ਕਿ ਅਬਰਾਹਾਮ "ਇਸ ਗੋੱਲੀ ਨੂੰ ਕੱਢ ਛੱਡੇ," ਉਸ ਨੇ "ਉਸ ਨੂੰ ਦੂਰ ਭੇਜ ਦਿੱਤਾ।" ਉਸ ਦੇ ਕੰਮ ਈਰਖਾਲੂ ਨਹੀਂ ਸਨ, ਬਲਕਿ, ਉਹ ਸਿਰਫ ਪਰਮੇਸ਼ੁਰ ਦੀ ਇੱਛਾ ਅੱਗੇ ਆਪਣੇ ਆਪ ਨੂੰ ਅਧੀਨ ਕਰ ਰਿਹਾ ਸੀ।

ਅਗਲਾ ਕਥਨ ਹਾਜਰਾ ਦੀ ਇੱਕ ਬੇਬੱਸ ਭੌਂਦੀ ਫਿਰਨ ਵਾਲੀ ਔਰਤ ਵਜੋਂ ਵਰਣਨ ਕਰਦਾ ਹੈ। **ਉਹ ਤੁਰ ਪਈ ਅਤੇ ਬਏਰਸਬਾ ਦੀ ਉਜਾੜ ਵਿੱਚ ਭੌਂਦੀ ਫਿਰਦੀ ਰਹੀ**। ਅਧਿਆਇ 16 ਦੀ ਤੁਲਨਾ ਵਿੱਚ, ਜਦੋਂ ਉਹ ਭੱਜ ਗਈ ਅਤੇ ਉਸ ਨੇ ਮਿਸਰ ਵਿੱਚ ਜਾਣ ਦੀ ਕੋਸ਼ਿਸ਼ ਕੀਤੀ, ਇਸ ਵਾਰ ਉਸ ਦੇ ਮਨ ਵਿੱਚ ਸ਼ਾਇਦ ਕੋਈ ਮੰਜਿਲ ਨਹੀਂ ਸੀ। ਉਹ ਅਤੇ ਉਸ ਦਾ ਪੁੱਤਰ ਇਕੱਲੇ

ਸਨ, ਉਨ੍ਹਾਂ ਦਾ ਨਾ ਕੋਈ ਘਰ ਸੀ ਅਤੇ ਨਾ ਹੀ ਉਹ ਮਦਦ ਅਤੇ ਟਿਕਾਣੇ ਦੇ ਲਈ ਕਿਸੇ ਕੋਲ ਜਾ ਸਕਦੇ ਸਨ। ਉਹ ਬਏਰਸਬਾ ਦੇ ਨੇੜੇ ਉਜਾੜ ਵਿੱਚ, ਪ੍ਰਾਚੀਨ ਕਨਾਨ ਦੇ ਦੱਖਣੀ ਹਿੱਸੇ ਵਿੱਚ ਘੁੰਮਦੇ ਫਿਰਦੇ ਰਹੇ। ਅਬਰਾਹਾਮ ਪਰਤੱਖ ਰੂਪ ਵਿੱਚ ਹਾਲੇ ਵੀ ਗਰਾਰ ਦੇ ਇਲਾਕੇ ਵਿੱਚ ਰਹਿ ਰਿਹਾ ਸੀ, ਜਿੱਥੇ ਅਬੀਮਲਕ ਰਾਜਾ ਸੀ (ਵੇਖੋ 20:1; 21:22-34)। ਸੰਭਵ ਤੌਰ ਤੇ, ਹਾਜਰਾ ਅਤੇ ਇਸਮਾਏਲ ਜਿਨ੍ਹਾਂ ਨੂੰ ਸਮਾਜ ਵਿੱਚੋਂ ਛੇਕ ਦਿੱਤਾ ਗਿਆ ਸੀ ਪੂਰਬ ਵੱਲ, ਸੰਭਵ ਤੌਰ ਤੇ ਉੱਤਰੀ ਅਰਬ ਵੱਲ, ਜਾ ਰਹੇ ਸਨ, ਉਹ ਇਲਾਕਾ ਜਿੱਥੇ ਬਾਅਦ ਵਿੱਚ ਇਸਮਾਏਲ ਦੇ ਕੁਝ ਵੰਸ਼ ਜਾ ਕੇ ਵੱਸੇ ਸਨ (25:12-18)। ਇਹ ਤੱਥ ਕਿ ਉਹ ਬਏਰਸਬਾ ਦੀ ਉਜਾੜ ਵਿੱਚ ਤੁਰੇ ਜਾ ਰਹੇ ਸਨ ਕੁਝ ਹੱਦ ਤੱਕ ਮੰਦਭਾਗਾ ਹੈ ਕਿਉਂਕਿ ਨਾਮ ਦਾ ਪਹਿਲਾ ਹਿੱਸਾ ਇੱਕ "ਖੂਹ" (בְּאֵר, *ਬੀਰ*) ਦਾ ਹਵਾਲਾ ਦਿੰਦਾ ਹੈ। ਹਾਲਾਂਕਿ ਖੂਹ ਉੱਥੇ ਹੀ ਸੀ, ਹਾਜਰਾ ਨੇ ਇਹ ਖੂਹ ਤਦ ਤੱਕ ਨਹੀਂ ਸੀ ਵੇਖਿਆ ਜਦੋਂ ਤੱਕ ਸੁਰਗਦੂਤ ਨੇ ਉਸ ਨੂੰ ਇਹ ਨਹੀਂ ਸੀ ਵਿਖਾਇਆ।

## ਹਾਜਰਾ ਦੇ ਲਈ ਰੱਬੀ ਵਾਅਦਾ (21:15-21)

**[15]ਜਦ ਮਸ਼ਕ ਵਿੱਚੋਂ ਪਾਣੀ ਮੁੱਕ ਗਿਆ ਤਾਂ ਉਸ ਨੇ ਉਸ ਮੁੰਡੇ ਨੂੰ ਇੱਕ ਝਾੜੀ ਦੇ ਹੇਠ ਸੁੱਟ
ਦਿੱਤਾ। [16]ਤਾਂ ਆਪ ਸਾਹਮਣੇ ਇੱਕ ਤੀਰ ਦੀ ਮਾਰ ਉੱਤੇ ਦੂਰ ਜਾ ਬੈਠੀ ਕਿਉਂਜੋ ਉਸ ਆਖਿਆ,
ਮੈਂ ਬੱਚੇ ਦੀ ਮੌਤ ਨਾ ਦੇਖਾਂ। ਸੋ ਉਹ ਸਾਹਮਣੇ ਦੂਰ ਬੈਠਕੇ ਉੱਚੀ ਉੱਚੀ ਰੋਈ। [17]ਤਾਂ ਪਰਮੇਸ਼ੁਰ ਨੇ
ਮੁੰਡੇ ਦੀ ਅਵਾਜ਼ ਸੁਣ ਲਈ ਅਰ ਪਰਮੇਸ਼ੁਰ ਦੇ ਦੂਤ ਨੇ ਅਕਾਸ਼ ਤੋਂ ਹਾਜਰਾ ਨੂੰ ਬੁਲਾਕੇ ਆਖਿਆ,
ਹਾਜਰਾ ਤੈਨੂੰ ਕੀ ਹੋਇਆ? ਨਾ ਡਰ ਕਿਉਂਕਿ ਪਰਮੇਸ਼ੁਰ ਨੇ ਮੁੰਡੇ ਦੀ ਅਵਾਜ਼ ਜਿੱਥੇ ਉਹ ਪਿਆ
ਹੈ ਓੱਥੋਂ ਸੁਣ ਲਈ ਹੈ। [18]ਉੱਠ ਅਰ ਮੁੰਡੇ ਨੂੰ ਚੁੱਕ ਲੈ ਅਰ ਆਪਣੇ ਹੱਥਾਂ ਵਿੱਚ ਸਾਂਭ ਕਿਉਂਕਿ ਮੈਂ
ਏਸ ਨੂੰ ਇੱਕ ਵੱਡੀ ਕੌਮ ਬਣਾਵਾਂਗਾ। [19]ਤਾਂ ਪਰਮੇਸ਼ੁਰ ਨੇ ਉਸ ਦੀਆਂ ਅੱਖਾਂ ਖੋਲ੍ਹੀਆਂ ਅਰ ਉਸ ਨੇ
ਪਾਣੀ ਦਾ ਇੱਕ ਖੂਹ ਡਿੱਠਾ ਅਤੇ ਉਹ ਜਾ ਕੇ ਮਸ਼ਕ ਨੂੰ ਪਾਣੀ ਨਾਲ ਭਰ ਲੈ ਆਈ ਅਰ ਮੁੰਡੇ ਨੂੰ
ਪਿਲਾਇਆ। [20]ਅਤੇ ਪਰਮੇਸ਼ੁਰ ਉਸ ਮੁੰਡੇ ਦੇ ਅੰਗ ਸੰਗ ਸੀ ਤਾਂ ਉਹ ਵਧਦਾ ਗਿਆ ਅਤੇ ਉਜਾੜ
ਵਿੱਚ ਰਿਹਾ ਅਰ ਵੱਡਾ ਹੋਕੇ ਤੀਰ ਅਨਦਾਜ ਬਣਿਆ। [21]ਉਹ ਪਾਰਾਨ ਦੀ ਉਜਾੜ ਵਿੱਚ ਰਹਿੰਦਾ
ਸੀ ਅਤੇ ਉਸ ਦੀ ਮਾਤਾ ਮਿਸਰ ਦੇਸ ਵਿੱਚੋਂ ਇੱਕ ਤੀਵੀਂ ਉਸ ਦੇ ਲਈ ਲੈ ਆਈ।**

**ਆਇਤ 15.** ਕਿਉਂਕਿ ਹਾਜਰਾ ਅਤੇ ਇਸਮਾਏਲ ਨੇ ਉਜਾੜ ਦੇ ਵਿੱਚੋਂ ਦੀ ਸਫ਼ਰ ਕਰਕੇ ਜਾਣ ਦੇ ਲਈ ਆਪਣੇ ਨਾਲ ਕਾਫੀ ਸਾਰਾ ਪਾਣੀ ਲਿਆ ਹੋਇਆ ਸੀ, ਦੁਪਹਿਰ ਦੀ ਤਿੱਖੀ ਧੁੱਪ ਦਾ ਉਨ੍ਹਾਂ ਉੱਤੇ ਤੇਜ਼ ਪ੍ਰਭਾਵ ਪਿਆ। **ਜਦ ਮਸ਼ਕ ਵਿੱਚੋਂ ਪਾਣੀ ਮੁੱਕ ਗਿਆ** ਅਤੇ ਹੁਣ ਉਹ ਆਪਣੀ ਪਿਆਸ ਨਹੀਂ ਮਿਟਾ ਸਕੇ, ਹਾਜਰਾ ਨੇ **ਉਸ ਮੁੰਡੇ ਨੂੰ ਇੱਕ ਝਾੜੀ ਦੇ ਹੇਠ ਸੁੱਟ ਦਿੱਤਾ**। ਮੂਲ ਲਿਖਤ ਇੱਕ ਪਰੇਸ਼ਾਨ ਮਾਂ ਦਾ ਇੱਕ ਵਰਣਨਾਤਮਕ ਦ੍ਰਿਸ਼ ਪ੍ਰਦਾਨ ਕਰਦੀ ਹੈ ਜਿਹੜੀ ਆਪਣੇ ਪੁੱਤਰ ਨੂੰ ਉਜਾੜ ਵਿੱਚ ਝਾੜੀਆਂ ਦੇ ਹੇਠ ਛੱਡ ਗਈ। ਇਸ ਦਾ ਅਰਥ ਇਹ ਹੈ ਕਿ ਹਾਜਰਾ ਆਪਣੀ ਆਸ ਛੱਡ ਚੁੱਕੀ ਸੀ ਅਤੇ ਉਹ ਆਪਣੇ ਪੁੱਤਰ ਦੀ ਆਉਣ ਵਾਲੀ ਮੌਤ ਦੀ ਉਡੀਕ ਕਰ ਰਹੀ ਸੀ। ਝਾੜੀਆਂ ਦੇ ਵਿੱਚ ਛਾਂ ਹੇਠਾਂ ਰੱਖ ਕੇ, ਉਹ ਆਪਣੇ ਪੁੱਤਰ ਨੂੰ ਉਸ ਤੇ ਪੈ ਰਹੀਆਂ ਸੂਰਜ ਦੀਆਂ ਸਿੱਧੀਆਂ ਕਿਰਨਾਂ ਤੋਂ ਕੁਝ ਰਾਹਤ ਦੇਣ ਦੀ ਅਤੇ ਜਿੰਨਾ ਸੰਭਵ ਹੋ ਸਕਦਾ ਉਸ ਨੂੰ ਉਸ ਦੇ ਆਖ਼ਰੀ ਅਰਾਮਦਾਇਕ ਪਲ ਦੇਣ ਦੀ ਕੋਸ਼ਿਸ਼ ਕਰ ਰਹੀ ਸੀ।

**ਆਇਤ 16.** ਹਾਜਰਾ ਇਸਮਾਏਲ ਨੂੰ ਦੁੱਖ ਝੱਲਦਿਆਂ ਨਹੀਂ ਸੀ ਵੇਖ ਸਕਦੀ; ਇਸ ਲਈ ਉਹ **ਆਪ ਸਾਹਮਣੇ ਇੱਕ ਤੀਰ ਦੀ ਮਾਰ ਉੱਤੇ ਦੂਰ ਜਾ ਬੈਠੀ**, ਅਰਥਾਤ, ਓਨੀ ਦੂਰ ਜਾ ਬੈਠੀ ਜਿੱਥੋਂ ਤੱਕ ਇੱਕ ਵਿਅਕਤੀ ਤੀਰ ਮਾਰ ਸਕਦਾ ਸੀ। ਹਾਲਾਂਕਿ ਉਹ ਇੰਨੀ ਦੂਰੋਂ ਆਪਣੇ ਪੁੱਤਰ ਨੂੰ

ਨਹੀਂ ਸੀ ਵੇਖ ਸਕਦੀ, ਉਹ ਇੰਨੀ ਨੇੜੇ ਜ਼ਰੂਰ ਰਹੀ ਹੋਵੇਗੀ ਜਿੱਥੋਂ ਉਹ ਮਦਦ ਦੇ ਲਈ ਆਪਣੇ ਪੁੱਤਰ ਦੇ ਰੋਣ ਦੀ ਅਵਾਜ਼ ਨੂੰ ਸੁਣ ਸਕਦੀ। ਉਹ ਵੀ ਵਿਅਰਥ ਸੀ, ਕਿਉਂਕਿ ਉਹ ਵਿਅਕਤੀ ਜਿਸ ਦਾ ਗਲਾ ਸੁੱਕਾ ਹੋਇਆ ਹੈ ਅਤੇ ਤੇਜ਼ ਧੁੱਪ ਨਾਲ ਹੋਣ ਵਾਲੀ ਕਮਜ਼ੋਰੀ ਅਤੇ ਪਾਣੀ ਦੀ ਕਮੀ ਦੇ ਕਾਰਣ ਮਰ ਰਿਹਾ ਹੈ, ਜ਼ਿਆਦਾ ਉੱਚੀ ਰੋ ਵੀ ਨਹੀਂ ਸੀ ਸਕਦਾ। ਜਦੋਂ ਹਾਜਰਾ ਉਸ ਥਾਂ ਬੈਠ ਗਈ ਅਤੇ ਉਹ ਆਪਣੇ ਪੁੱਤਰ ਵਿਰੁੱਧ ਆਉਣ ਵਾਲੀ ਮੌਤ ਨੂੰ ਰੋਕਣ ਵਿੱਚ ਲਾਚਾਰ ਸੀ, ਉਸ ਨੇ ਆਪਣੀ ਨਿਰਾਸ਼ਾ ਵਿੱਚ ਇਹ ਪ੍ਰਾਰਥਨਾ ਕੀਤੀ: **ਮੈਂ ਬੱਚੇ ਦੀ ਮੌਤ ਨਾ ਦੇਖਾਂ।** ਇਸਮਾਏਲ ਅਤੇ ਉਸ ਦੇ ਖੁਦ ਦੇ ਬਚਣ ਦੀ ਆਸ ਸਿਰਫ ਰੱਬੀ ਦਖ਼ਲਅੰਦਾਜ਼ੀ ਵਿੱਚ ਸੀ; ਇਸ ਲਈ, ਉਸ ਨੇ **ਉਹ ਉੱਚੀ ਉੱਚੀ ਰੋਈ**।

**ਆਇਤ 17.** ਦਿਲ ਨੂੰ ਛੋਹਣ ਵਾਲੇ ਇਸ ਪਲ ਵਿੱਚ, **ਪਰਮੇਸ਼ੁਰ ਨੇ ਮੁੰਡੇ ਦੀ ਅਵਾਜ਼ ਸੁਣ ਲਈ ਅਰ ਪਰਮੇਸ਼ੁਰ ਦੇ ਦੂਤ ਨੇ ਅਕਾਸ਼ ਤੋਂ ਹਾਜਰਾ ਨੂੰ ਬੁਲਾਕੇ ਆਖਿਆ, ਹਾਜਰਾ ਤੈਨੂੰ ਕੀ ਹੋਇਆ?** ਇਹ ਸਵਾਲ ਨਿਸ਼ਚਤ ਤੌਰ ਤੇ ਇੱਕ ਅਲੰਕਾਰਕ ਸਵਾਲ ਦੇ ਰੂਪ ਵਿੱਚ ਪੁੱਛਿਆ ਗਿਆ ਸੀ, ਕਿਉਂਕਿ ਸੁਰਗਦੂਤ ਨੇ ਉਸ ਨੂੰ ਜਵਾਬ ਦੇਣ ਦਾ ਮੌਕਾ ਹੀ ਨਹੀਂ ਦਿੱਤਾ। ਬਜਾਇ ਇਸ ਦੇ, ਉਹ ਸਵਾਲ ਪੁੱਛਣ ਤੋਂ ਬਾਅਦ ਉਸ ਨੇ ਉਹ ਨੂੰ ਉਤਸ਼ਾਹ ਦੇ ਇਹ ਸ਼ਬਦ ਕਹੇ: **ਨਾ ਡਰ ਕਿਉਂਕਿ ਪਰਮੇਸ਼ੁਰ ਨੇ ਮੁੰਡੇ ਦੀ ਅਵਾਜ਼ ਜਿੱਥੇ ਉਹ ਪਿਆ ਹੈ ਓੱਥੋਂ ਸੁਣ ਲਈ ਹੈ** (16:11; 17:20 ਤੇ ਟਿੱਪਣੀਆਂ ਵੇਖੋ)। ਭਰੋਸੇ ਦਾ ਇਹ ਕਥਨ ਇਸ ਸਵਾਲ ਦਾ ਜਵਾਬ ਹੈ ਕਿ ਕਿਵੇਂ ਅਬਰਾਹਾਮ ਨੇ ਆਪਣੇ ਦੋ ਅਜੀਜ਼ਾਂ ਨੂੰ ਘੱਟ ਪ੍ਰਬੰਧਾਂ ਨਾਲ ਉਜਾੜ ਵਿੱਚ ਭੇਜ ਦਿੱਤਾ ਸੀ (21:14)। ਇਸ ਸਮੇਂ ਤੱਕ ਉਸ ਦੇ ਜੀਵਨ ਵਿੱਚ, ਪੁਰਖੇ ਦੀ ਨਿਹਚਾ ਇਸ ਹੱਦ ਤੱਕ ਵੱਧ ਚੁੱਕੀ ਸੀ ਕਿ ਉਹ ਉਨ੍ਹਾਂ ਦੇ ਮੁਸ਼ਕਲ ਸਫ਼ਰ ਤੇ ਉਨ੍ਹਾਂ ਦੀ ਦੇਖਰੇਖ ਕਰਨ ਅਤੇ ਉਨ੍ਹਾਂ ਨੂੰ ਸਭ ਕੁਝ ਮੁਹੱਈਆ ਕਰਨ ਦੇ ਲਈ ਯਹੋਵਾਹ ਤੇ ਭਰੋਸਾ ਕਰਨ ਦਾ ਇੱਛੁਕ ਸੀ।

**ਆਇਤ 18.** ਫਿਰ ਸੁਰਗਦੂਤ ਨੇ ਹਾਜਰਾ ਨੂੰ ਇਸ ਸੱਚਾਈ ਦੀ ਜਾਣਕਾਰੀ ਦਿੱਤੀ ਕਿ ਇਸਮਾਏਲ ਦਾ ਭਵਿੱਖ ਉਸ ਭਿਆਣਕ ਉਜਾੜ ਤੋਂ ਪਰੇ ਸੀ। ਉਸ ਨੇ ਉਹ ਨੂੰ ਇਹ ਨਸੀਹਤ ਦਿੱਤੀ ਕਿ **ਮੁੰਡੇ ਨੂੰ ਚੁੱਕ ਲੈ ਅਰ ਆਪਣੇ ਹੱਥਾਂ ਵਿੱਚ ਸਾਂਭ**। ਸ਼ਾਬਦਿਕ ਤੌਰ ਤੇ ਮੂਲ ਲਿਖਤ ਕਹਿੰਦੀ ਹੈ, "ਉਸ ਨੂੰ ਮਜ਼ਬੂਤ ਹੱਥਾਂ ਨਾਲ ਫੜ।" ਇਹ ਇੱਕ ਇਬਰਾਨੀ ਕਹਾਵਤ ਹੈ ਜਿਸ ਦਾ ਅਰਥ ਹੈ "ਉਸ ਨੂੰ ਆਪਣਾ ਉਤਸ਼ਾਹ ਦਿਹ।"[10] ਫਿਰ ਸੁਰਗੀ ਅਵਾਜ਼ ਨੇ ਉਸ ਵਾਅਦੇ ਨੂੰ ਦੁਹਰਾਇਆ ਜੋ ਯਹੋਵਾਹ ਦੇ ਦੂਤ ਨੇ ਹਾਜਰਾ ਨਾਲ ਕਈ ਸਾਲ ਪਹਿਲਾਂ ਕੀਤਾ ਸੀ। ਇਸ ਵਾਰ ਪਰਮੇਸ਼ੁਰ ਹਾਜਰਾ ਦੇ ਪੁੱਤਰ ਇਸਮਾਏਲ ਨੂੰ **ਇੱਕ ਵੱਡੀ ਕੌਮ ਬਣਾਉਣ** ਦਾ ਵਾਅਦਾ ਦਿੰਦਿਆਂ ਜ਼ਿਆਦਾ ਨਿਸ਼ਚਤ ਸੀ (ਵੇਖੋ 16:10-12)।

**ਆਇਤ 19.** ਯਹੋਵਾਹ ਨਾ ਸਿਰਫ ਭਵਿੱਖ ਵਿੱਚ ਇਸਮਾਏਲ ਨੂੰ ਬਰਕਤ ਦੇਣ ਵਿੱਚ ਦਿਲਚਸਪੀ ਰੱਖਦਾ ਸੀ, ਪਰ ਉਹ ਉਸ ਦੇ ਅੰਦਰ ਪਾਣੀ ਦੀ ਕਮੀ ਦੀ ਮੌਜੂਦਾ ਅਵਸਥਾ ਬਾਰੇ ਵੀ ਚਿੰਤਤ ਸੀ, ਕਿਉਂਕਿ ਮਸ਼ਕ ਪੂਰੀ ਤਰ੍ਹਾਂ ਖਾਲੀ ਹੋ ਚੁੱਕੀ ਸੀ। ਹਾਜਰਾ ਦੀ ਪ੍ਰਾਰਥਨਾ ਦੇ ਜਵਾਬ ਵਿੱਚ, **ਪਰਮੇਸ਼ੁਰ ਨੇ ਉਸ** (ਹਾਜਰਾ) **ਦੀਆਂ ਅੱਖਾਂ ਖੋਲ੍ਹੀਆਂ ਅਰ ਉਸ ਨੇ ਪਾਣੀ ਦਾ ਇੱਕ ਖੂਹ ਡਿੱਠਾ**। ਇਹ ਖੂਹ ਹਮੇਸ਼ਾ ਤੋਂ ਉੱਥੇ ਸੀ, ਜਦੋਂ ਉਹ "ਬਏਰਸਬਾ ਦੀ ਉਜਾੜ" ਵਿੱਚ ਸਨ (21:14 ਤੇ ਟਿੱਪਣੀਆਂ ਵੇਖੋ)। ਫਿਰ ਵੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਪਾਣੀ ਦਾ ਸੋਮਾ ਲੱਭਣ ਦੀ ਆਸ ਛੱਡ ਦਿੱਤੀ ਸੀ ਅਤੇ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ ਇਸ ਲਈ ਉਹ ਇਸ ਨੂੰ ਨਹੀਂ ਵੇਖ ਸਕੀ। ਇਸ ਮਾਮਲੇ ਵਿੱਚ ਹਾਜਰਾ ਨੂੰ ਸੁਰਗਦੂਤ ਵੱਲੋਂ ਹੋਰ ਕਿਸੇ ਨਿਰਦੇਸ਼ ਦੀ ਲੋੜ ਨਹੀਂ ਸੀ; **ਉਹ ਜਾਕੇ ਮਸ਼ਕ ਨੂੰ ਪਾਣੀ ਨਾਲ ਭਰ ਲੈ ਆਈ ਅਰ ਮੁੰਡੇ ਨੂੰ ਪਿਲਾਇਆ**। ਇਹ ਕਹਾਣੀ ਹਾਜਰਾ ਦੀ ਉਸ ਦੀ ਆਪਣੀ ਪਿਆਸ ਨੂੰ ਬੁਝਾਉਣ ਦਾ

ਜ਼ਿਕਰ ਨਹੀਂ ਕਰਦੀ; ਬਲਕਿ ਉਸ ਦਾ ਇੱਕ ਅਜਿਹੀ ਮਾਂ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ ਜਿਸ ਦੀ ਮੁਢਲੀ ਚਿੰਤਾ ਆਪਣੇ ਬੱਚੇ ਦੀ ਪਿਆਸ ਨੂੰ ਬੁਝਾਉਣ ਦੀ ਸੀ। ਪਰਤੱਖ ਰੂਪ ਵਿੱਚ, ਇਸਮਾਏਲ ਦੀ ਪਿਆਸ ਨੂੰ ਬੁਝਾਉਣ ਤੋਂ ਬਾਅਦ ਹੀ ਉਸ ਨੇ ਜੀਵਨ ਦੇਣ ਵਾਲਾ ਉਹ ਪਾਣੀ ਪੀਤਾ ਸੀ।

**ਆਇਤ 20.** ਬਏਰਸਬਾ ਨੇੜੇ ਉਜਾੜ ਵਿੱਚ ਹਾਜਰਾ ਅਤੇ ਇਸਮਾਏਲ ਬਾਰੇ ਨਾਟਕੀ ਬਿਰਤਾਂਤ ਤੋਂ ਬਾਅਦ, ਲੇਖਕ ਨੇ ਸੰਖੇਪ ਰੂਪ ਵਿੱਚ ਮੁੰਡੇ ਦੇ ਬਾਕੀ ਦੇ ਜੀਵਨ ਦਾ ਖੁਲਾਸਾ ਕੀਤਾ। **ਪਰਮੇਸ਼ੁਰ ਉਸ ਮੁੰਡੇ ਦੇ ਅੰਗ ਸੰਗ ਸੀ** ਜਦੋਂ ਉਹ ਵੱਡਾ ਹੋ ਕੇ "ਜੰਗਲੀ ਖੋਤੇ ਜਿਹਾ ਆਦਮੀ" ਬਣ ਗਿਆ (16:12) ਜਿਹੜਾ ਕਿ ਸਮਾਜ ਦੀਆਂ ਹੱਦਾਂ ਤੇ **ਉਜਾੜ ਵਿੱਚ ਰਿਹਾ**। ਖਾਨਾਬਦੋਸ਼ ਵਾਲੀ ਜੀਵਨਸ਼ੈਲੀ ਅਪਨਾਉਣਾ ਚੁਣ ਕੇ, ਇਸਮਾਏਲ **ਤੀਰ ਅਨਦਾਜ ਬਣਿਆ**। ਇੱਕ ਸ਼ਿਕਾਰੀ ਦੇ ਤੌਰ ਤੇ ਉਸ ਨੇ ਵੱਡੀ ਨਿਪੁੰਨਤਾ ਵਿਕਸਤ ਕੀਤੀ ਹੋਵੇਗੀ, ਜਿਸ ਨੇ ਉਸ ਨੂੰ ਵਿਰੋਧੀ ਮਾਹੌਲ ਵਿੱਚ ਬਚਣ ਦੇ ਯੋਗ ਬਣਾਇਆ ਸੀ। ਅੱਗੇ ਚੱਲ ਕੇ, ਉਸ ਦੀਆਂ ਕੁਝ ਅੰਸਾਂ ਦਾ "ਕੇਦਾਰੀਆਂ ਦੇ ਸੂਰਮੇ," "ਤੀਰ ਅੰਦਾਜ਼ਾਂ" ਅਤੇ "ਸੂਰਮਿਆਂ" ਵਜੋਂ ਵਰਣਨ ਕੀਤਾ ਗਿਆ ਸੀ (ਯਸਾਯਾਹ 21:17; ਵੇਖੋ ਉਤਪਤ 25:12, 13)।

**ਆਇਤ 21.** ਇੱਕ ਸੰਖੇਪ ਅੰਤਿਮ ਰਿਪੋਰਟ ਇਹ ਦੱਸਦੀ ਹੈ ਕਿ ਇਸਮਾਏਲ **ਪਾਰਾਨ ਦੀ ਉਜਾੜ ਵਿੱਚ ਰਹਿੰਦਾ ਸੀ**, ਇੱਕ ਵੱਡਾ ਉਜਾੜ ਜੋ ਕਿ ਕਨਾਨ ਦੇ ਦੱਖਣੀ ਹਿੱਸੇ ਤੋਂ ਲੈ ਕੇ ਪੂਰਬੀ-ਕੇਂਦਰ ਸੀਨਈ ਉਪਦੀਪ ਅਤੇ ਲਾਲ ਸਮੁੰਦਰ (ਅਕਾਬਾ ਦੀ ਖਾੜੀ) ਦੇ ਜ਼ਿਆਦਾਤਰ ਹਿੱਸਿਆਂ ਤੱਕ ਫੈਲਿਆ ਹੋਇਆ ਸੀ (ਗਿਣਤੀ 12:16; 13:3, 26)। ਕਿਉਂਕਿ ਹਾਜਰਾ ਮਿਸਰੀ ਸੀ (16:1, 3; 21:9; 25:12)। ਅਤੇ ਕਿਉਂਕਿ ਉਹ ਅਤੇ ਇਸਮਾਏਲ ਆਪਣੇ ਦੇਸ ਦੇ ਨਜ਼ਦੀਕ ਰਹਿੰਦੇ ਸਨ, ਉਹ **ਮਿਸਰ ਵਿੱਚੋਂ ਇੱਕ ਤੀਵੀਂ ਉਸ ਦੇ ਲਈ ਲੈ ਆਈ**। ਪ੍ਰਾਚੀਨ ਮਸੋਪੋਤਾਮੀਆ ਦੇ ਦਸਤੂਰ ਅਨੁਸਾਰ, ਆਮ ਤੌਰ ਤੇ ਪਿਤਾ ਆਪਣੇ ਪੁੱਤਰ ਦੇ ਲਈ ਇੱਕ ਤੀਵੀਂ ਸੁਰੱਖਿਅਤ ਰੱਖਦਾ ਸੀ (24:1-67; 34:4)। ਇਸ ਮਾਮਲੇ ਵਿੱਚ, ਉਹ ਸੰਭਵ ਨਹੀਂ ਸੀ, ਕਿਉਂਕਿ ਅਬਰਾਹਾਮ ਨੇ ਹਾਜਰਾ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਇਸ ਲਈ ਉਸ ਨੇ ਆਪਣੀ ਜ਼ਿੰਮੇਵਾਰੀ ਨੂੰ ਸਮਝਿਆ ਜੋ ਕਿ ਆਮ ਤੌਰ ਤੇ ਉਸ ਦੇ ਪਤੀ ਨੇ ਨਿਭਾਉਣੀ ਸੀ ਅਤੇ ਸ਼ਾਇਦ ਉਸ ਨੇ ਵਪਾਰੀਆਂ ਦੇ ਇੱਕ ਕਾਫਿਲੇ ਵਿੱਚੋਂ ਇੱਕ ਮਿਸਰੀ ਗੋੱਲੀ ਨੂੰ ਲੈ ਲਿਆ ਜੋ ਪਾਰਾਨ ਦੀ ਉਜਾੜ ਦੇ ਵਿੱਚੋਂ ਦੀ ਲੰਘ ਰਿਹਾ ਸੀ (ਵੇਖੋ 37:28)।

## ਅਬੀਮਲਕ ਨਾਲ ਅਬਰਾਹਾਮ ਦੀ ਸੰਧੀ (21:22-34)

ਇਸ ਨਵੀਂ ਕਹਾਣੀ ਵਿੱਚ, ਕੇਂਦਰ ਬਿੰਦੂ ਵਾਪਸ ਅਬਰਾਹਾਮ ਤੇ ਹੈ, ਜਿਸ ਨੇ ਫੇਰ ਆਪਣੇ ਆਪ ਨੂੰ ਅਬੀਮਲਕ ਨਾਲ ਸਮਝੌਤਾ ਕਰਦਿਆਂ ਪਾਇਆ।

**ਸੰਧੀ (21:22-26)**

**22ਫੇਰ ਉਸ ਸਮੇਂ ਐਉਂ ਹੋਇਆ ਕਿ ਅਬੀਮਲਕ ਅਰ ਉਸ ਦੀ ਸੈਨਾ ਦੇ ਸਰਦਾਰ ਫੀਕੋਲ ਨੇ ਅਬਰਾਹਾਮ ਨੂੰ ਆਖਿਆ ਕਿ ਜੋ ਕੁਝ ਤੂੰ ਕਰਦਾ ਹੈਂ ਪਰਮੇਸ਼ੁਰ ਤੇਰੇ ਸੰਗ ਹੈ। 23ਹੁਣ ਤੂੰ ਮੇਰੇ ਨਾਲ ਪਰਮੇਸ਼ੁਰ ਦੀ ਸੌਂਹ ਖਾਹ ਕਿ ਤੂੰ ਮੇਰੇ ਨਾਲ ਅਤੇ ਮੇਰੇ ਪੁੱਤ੍ਰਾਂ ਨਾਲ ਅਰ ਮੇਰੇ ਪੋਤਿਆਂ ਨਾਲ ਧੋਖਾ ਨਾ ਕਮਾਵੇਂਗਾ ਸਗੋਂ ਉਸ ਕਿਰਪਾ ਦੇ ਅਨੁਸਾਰ ਜੋ ਮੈਂ ਤੇਰੇ ਉੱਤੇ ਕੀਤੀ ਹੈ ਤੂੰ ਵੀ ਮੇਰੇ ਉੱਤੇ ਅਰ ਏਸ ਦੇਸ ਉੱਤੇ ਜਿਸ ਵਿੱਚ ਤੂੰ ਪਰਦੇਸੀ ਰਿਹਾ ਹੈਂ ਕਰੇਂਗਾ। 24ਤਦ ਅਬਰਾਹਾਮ ਨੇ ਆਖਿਆ, ਮੈਂ ਸੌਂਹ ਖਾਵਾਂਗਾ। 25ਤਾਂ ਅਬਰਾਹਾਮ ਨੇ ਅਬੀਮਲਕ ਨੂੰ ਇੱਕ ਖੂਹ ਦਾ ਉਲਾਂਭਾ ਦਿੱਤਾ**

**ਜਿਹੜਾ ਉਸ ਦੇ ਨੌਕਰਾਂ ਨੇ ਜੋਰ ਨਾਲ ਖੋਹ ਲਿਆ ਸੀ। 26ਤਾਂ ਅਬੀਮਲਕ ਨੇ ਆਖਿਆ, ਮੈਨੂੰ ਪਤਾ ਨਹੀਂ ਕਿ ਇਹ ਕੰਮ ਕਿਹਨੇ ਕੀਤਾ ਅਤੇ ਤੈਂ ਵੀ ਮੈਨੂੰ ਨਹੀਂ ਦੱਸਿਆ। ਮੈਂ ਅੱਜ ਦੇ ਦਿਨ ਤੋਂ ਅੱਗੇ ਸੁਣਿਆ ਵੀ ਨਹੀਂ।**

**ਆਇਤ 22.** ਇਹ ਘਟਨਾ, ਜਿਵੇਂ ਕਿ ਮੂਲ ਲਿਖਤ ਕਹਿੰਦੀ ਹੈ, **ਉਸ ਸਮੇਂ** ਹੋਈ। ਸੁਭਾਵਕ ਤੌਰ ਤੇ ਇੱਕ ਸਵਾਲ ਉੱਠਦਾ ਹੈ: "ਕਿਸ ਸਮੇਂ?" ਕੁਝ ਵਿਦਵਾਨ ਸੋਚਦੇ ਹਨ ਕਿ ਉਤਪਤ ਦਾ ਲੇਖਕ ਇੱਥੇ ਅਬਰਾਹਾਮ ਦੇ ਸਾਰਾਹ ਬਾਰੇ ਅਬੀਮਲਕ ਨੂੰ ਝੂਠ ਬੋਲਣ ਤੋਂ ਬਾਅਦ (20:1-18), ਇਸਹਾਕ ਦੇ ਜਨਮ ਤੋਂ ਪਹਿਲਾਂ (21:1-3) ਦੇ ਸਮੇਂ ਵਿੱਚ ਵਾਪਸ ਲੈ ਗਿਆ ਸੀ। ਜਦ ਕਿ ਇਹ ਵਿਚਾਰ ਸੰਭਵ ਹੈ, ਇਸ ਤਰ੍ਹਾਂ ਜ਼ਿਆਦਾ ਸੰਭਵ ਪ੍ਰਤੀਤ ਹੁੰਦਾ ਹੈ ਕਿ "ਉਸ ਸਮੇਂ" ਸ਼ਬਦ ਦਾ ਅਰਥ ਇਹ ਹੈ ਕਿ ਕਹਾਣੀ ਵਿਚ ਘਟਨਾਵਾਂ ਤਰਤੀਬਰਵਾਰ ਵਾਪਰੀਆਂ ਸਨ। ਦੂਜੇ ਸ਼ਬਦਾਂ ਵਿੱਚ, ਅਬਰਾਹਾਮ ਅਤੇ ਅਬੀਮਲਕ ਵਿਚਕਾਰ ਸੰਧੀ ਇਸਹਾਕ ਦੇ ਜਨਮ ਅਤੇ ਦੁੱਧ ਛੁਡਾਉਣ ਅਤੇ ਹਾਜਰਾ ਅਤੇ ਇਸਮਾਏਲ ਨੂੰ ਘਰੋਂ ਬਾਹਰ ਕੱਢਣ ਤੋਂ ਬਾਅਦ ਹੋਈ ਸੀ (21:1-21)।

ਇਸ ਮੌਕੇ ਤੇ, **ਅਬੀਮਲਕ** ਆਪਣੇ ਨਾਲ **ਸੈਨਾ ਦੇ ਸਰਦਾਰ ਫੀਕੋਲ** ਨੂੰ ਨਾਲ ਲਿਆਇਆ। "ਫੀਕੋਲ" ਨਾਮ ਅਨਿਸ਼ਚਤ ਮੂਲ ਤੋਂ ਹੈ। ਕੁਝ ਲੋਕਾਂ ਦੁਆਰਾ ਇਸ ਨੂੰ ਹੂਰੀਅਨ,[11] ਅਮਟੋਲਿਅਨ,[12] ਜਾਂ ਫਲਿਸਤੀ ਸਮਝਿਆ ਗਿਆ ਸੀ (21:32, 34; 26:1, 26), ਪਰ ਇਹ ਨਾਮ ਕਿਸੇ ਵੀ ਪ੍ਰਾਚੀਨ ਲਿਖਤ ਜਾਂ ਸ਼ਿਲਾਲੇਖ ਵਿੱਚ ਪਰਗਟ ਨਹੀਂ ਕੀਤਾ ਗਿਆ ਹੈ। ਕਿਉਂਕਿ ਸਮਝਿਆ ਜਾਂਦਾ ਹੈ ਕਿ ਹੂਰੀਅਨ ਉੱਤਰ-ਪੂਰਬੀ ਮਸੋਪੋਤਾਮੀਆ (ਇਰਾਕ) ਤੋਂ ਲੈ ਕੇ ਅੰਟੋਲੀਆ (ਤੁਰਕੀ) ਤੱਕ ਫੈਲੇ ਸਨ,[13] ਗੋਰਡੋਨ ਜੇ. ਵੈਨਹਮ ਨੇ ਸੋਚਿਆ ਕਿ ਫੀਕੋਲ ਦੇ ਪਿਉ ਦਾਦੇ "ਕਰੇਤੇ ਥਾਈਂ ਏਜ਼ੀਅਨ ਜਾਂ ਅੰਟੋਲੀਆ" "ਕਫ਼ਤੋਰ"; ਆਮੋਸ 9:7) ਤੋਂ ਆਏ ਹੋਣਗੇ ਜੋ ਕਿ ਬਹੁਤ ਸਾਰੇ ਫਲਿਸਤੀਆਂ ਦਾ ਅਸਲੀ ਘਰ ਸੀ।[14]

ਅਬੀਮਲਕ ਅਤੇ ਫੀਕੋਲ ਨੇ ਇਹ ਕਹਿੰਦੇ ਹੋਏ ਅਬਰਾਹਾਮ ਦੀ ਪ੍ਰਸ਼ੰਸਾ ਕੀਤੀ, **ਜੋ ਕੁਝ ਤੂੰ ਕਰਦਾ ਹੈਂ ਪਰਮੇਸ਼ੁਰ ਤੇਰੇ ਸੰਗ ਹੈ।** ਉਨ੍ਹਾਂ ਨੇ ਕਈ ਸਾਲਾਂ ਤੋਂ ਅਬਰਾਹਾਮ ਦੀ ਧਨ ਦੌਲਤ ਅਤੇ ਖੁਸ਼ਹਾਲੀ ਨੂੰ ਵਧਦਿਆਂ ਵੇਖਿਆ ਸੀ, ਖਾਸ ਕਰਕੇ ਉਸ ਵੱਡੇ ਇੱਜੜ ਅਤੇ ਮਾਲ ਡੰਗਰਾਂ ਨੂੰ। ਇੰਨੇ ਜ਼ਿਆਦਾ ਪਸ਼ੂਆਂ ਅਤੇ ਜਾਨਵਰਾਂ ਦੇ ਲਈ ਆਜੜੀਆਂ ਅਤੇ ਅਯਾਲੀਆਂ ਦੀ ਲੋੜ ਸੀ ਜੋ ਕਿ ਉਨ੍ਹਾਂ ਦੀ ਸੁਰੱਖਿਆ ਕਰਨ ਦੇ ਲਈ ਚੰਗੀ ਤਰ੍ਹਾਂ ਸਿਖਾਏ ਹੋਣ। ਪੰਝੀ ਕੁ ਸਾਲ ਪਹਿਲਾਂ, 318 ਮਨੁੱਖਾਂ ਨੇ ਅਬਰਾਹਾਮ ਦੀ ਸੇਵਾ ਟਹਿਲ ਵਿੱਚ ਲੜਾਈ ਕੀਤੀ ਸੀ (14:14) ਅਤੇ ਇਸ ਸਮੇਂ ਤੱਕ ਉਨ੍ਹਾਂ ਦੀ ਗਿਣਤੀ ਦੁਗਣੀ ਹੋ ਗਈ ਹੋਵੇਗੀ। ਅਬੀਮਲਕ ਅਤੇ ਉਸ ਦੀ ਸੈਨਾ ਦੇ ਸਰਦਾਰ ਨੇ ਅਬਰਾਹਾਮ ਦੇ ਨੌਕਰਾਂ ਚਾਕਰਾਂ ਨੂੰ ਇੱਕ ਸੰਭਾਵਿਤ ਖ਼ਤਰੇ ਦੇ ਰੂਪ ਵਿੱਚ ਵੇਖਿਆ ਹੋਵੇਗਾ।

ਇਸ ਲਈ, ਫਲਿਸਤੀਆਂ ਨੇ ਇੱਕ ਮੁਲਾਕਾਤ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਆਪਣੀ ਗੱਲਬਾਤ ਦੀ ਸ਼ੁਰੂਆਤ ਵੱਡੀ ਪ੍ਰਸ਼ੰਸਾ ਨਾਲ ਕੀਤੀ ਸੀ ਜੋ ਇਸ ਗੱਲ ਦੀ ਪਛਾਣ ਹੈ ਕਿ "ਪਰਮੇਸ਼ੁਰ" (אֱלֹהִים, *ਇਲੋਹਿਮ*) ਪੁਰਖੇ ਦੇ ਅੰਗ ਸੰਗ ਸੀ ਅਤੇ ਉਸ ਨੇ ਜੋ ਕੁਝ ਵੀ ਕੀਤਾ ਪਰਮੇਸ਼ੁਰ ਨੇ ਹਰੇਕ ਚੀਜ਼ ਵਿੱਚ ਬਰਕਤ ਦਿੱਤੀ। *ਇਲੋਹਿਮ* ਪਰਮੇਸ਼ੁਰ ਦੇ ਲਈ ਇੱਕ ਆਮ ਸ਼ਬਦ ਹੈ ਅਤੇ ਉਤਪਤ ਦੀ ਪੁਸਤਕ ਵਿੱਚ ਪਰਦੇਸੀਆਂ ਦੁਆਰਾ ਵਰਤਿਆ ਜਾਣ ਵਾਲਾ ਆਮ ਸ਼ਬਦ ਹੈ, ਕਿਉਂਕਿ ਇਸ ਨੂੰ ਕਿਸੇ ਵੀ ਦੇਵਤੇ ਤੇ ਲਾਗੂ ਕੀਤਾ ਜਾ ਸਕਦਾ ਸੀ (31:30; 41:38)। ਅਬਰਾਹਾਮ ਅਤੇ ਉਸ ਦੇ ਆਪਣੇ ਮਨੁੱਖਾਂ ਵਿਚਕਾਰ ਤਨਾਅ ਅਤੇ ਵਿਰੋਧੀ ਕਾਰਜ ਨੂੰ ਰੋਕਣ ਦੇ ਲਈ, ਅਬੀਮਲਕ ਇਸ ਧਨੀ ਅਤੇ ਸ਼ਕਤੀਸ਼ਾਲੀ ਪਰਦੇਸੀ ਨਾਲ ਇੱਕ ਸੰਧੀ, ਇੱਕ ਜੰਗ ਨਾ ਕਰਨ ਦੀ ਸੰਧੀ ਕਰਨਾ ਚਾਹੁੰਦਾ ਸੀ।

ਦੋ ਮਨੁੱਖਾਂ ਵਿਚਕਾਰ ਇਹ ਵਾਰਤਾਲਾਪ ਉਨ੍ਹਾਂ ਦੀ ਪਹਿਲੀ ਮੁਲਾਕਾਤ ਤੋਂ ਕਈ ਸਾਲ ਬਾਅਦ ਹੋਇਆ ਹੋਵੇਗਾ (20:1-18) ਕਿਉਂਕਿ ਉਨ੍ਹਾਂ ਵਿਚਕਾਰ ਜੋ ਸਥਿਤੀ ਸੀ ਕੁਝ ਹੱਦ ਤੱਕ ਬਦਲ ਗਈ ਸੀ। ਪਹਿਲਾਂ, ਅਬੀਮਲਕ ਦੀ ਹਜ਼ੂਰੀ ਵਿੱਚ ਅਬਰਾਹਾਮ ਨੂੰ ਆਪਣੀ ਜਾਨ ਦਾ ਖ਼ਤਰਾ ਸੀ। ਇਸੇ ਕਰਕੇ ਉਸ ਨੇ ਸਾਰਾਹ ਬਾਰੇ ਝੂਠ ਬੋਲਿਆ ਸੀ ਅਤੇ ਉਸ ਨੂੰ ਰਾਜਾ ਦੀ ਤੀਵੀਂ ਹੋਣ ਦੇ ਲਈ ਦੇ ਦਿੱਤਾ ਸੀ। ਫਿਰ ਵੀ, ਹੁਣ, ਹਾਲਾਤ ਵੱਖਰੇ ਜਾਪਦੇ ਸਨ। ਪਰਮੇਸ਼ੁਰ ਦੀਆਂ ਬਰਕਤਾਂ ਨੇ ਪੁਰਖੇ ਦੀ ਸੰਪਤੀ ਅਤੇ ਸੂਰਮਿਆਂ ਨੂੰ ਵਧਾ ਦਿੱਤਾ ਸੀ (21:22) ਅਤੇ ਇਸ ਤਰ੍ਹਾਂ ਜਾਪਦਾ ਹੈ ਕਿ ਰਾਜਾ ਆਪਣੇ ਦੇਸ ਵਿੱਚ ਇਸ ਅਜਨਬੀ ਦੇ ਆਉਣ ਨਾਲ ਡਰ ਗਿਆ ਸੀ।

**ਆਇਤ 23.** ਇਸ ਲਈ, ਅਬੀਮਲਕ ਅਬਰਾਹਾਮ ਨਾਲ ਸਮਝੌਤਾ ਕਰਨ ਦੇ ਲਈ ਆਪਣੀ ਸੈਨਾ ਦੇ ਸਰਦਾਰ ਨਾਲ ਆਇਆ ਸੀ। ਉਸ ਨੇ ਪੁਰਖੇ ਨੂੰ ਬੇਨਤੀ ਕੀਤੀ ਕਿ **ਪਰਮੇਸ਼ੁਰ ਦੀ ਸੌਂਹ ਖਾਹ** ਕਿ ਉਹ ਉਸ ਦੇ ਨਾਲ ਅਤੇ ਉਸ ਦੇ **ਪੁੱਤ੍ਰਾਂ** ਜਾਂ **ਪੋਤਿਆਂ** ਨਾਲ **ਧੋਖਾ ਨਹੀਂ ਕਮਾਵੇਗਾ**। ਦੂਜੇ ਸ਼ਬਦਾਂ ਵਿੱਚ, ਰਾਜਾ ਇੱਕ ਅਜਿਹਾ ਸਮਝੌਤਾ ਕਰਨਾ ਚਾਹੁੰਦਾ ਸੀ ਜਿਸ ਵਿੱਚ ਅਬਰਾਹਾਮ ਪਰਮੇਸ਼ੁਰ ਦੇ ਸਾਹਮਣੇ ਅਬੀਮਲਕ ਦੇ ਲੋਕਾਂ ਤੇ ਹਮਲਾ ਨਾ ਕਰਨ ਜਾਂ ਉਸ ਦੇ ਰਾਜ ਜਾਂ ਉਸ ਦੇ ਆਉਣ ਵਾਲੇ ਵੰਸ ਨੂੰ ਜੜ੍ਹੋਂ ਉਖਾੜਨ ਦੀ ਕੋਸ਼ਿਸ਼ ਨਾ ਕਰਨ ਦੀ ਸੌਂਹ ਖਾਵੇ। ਅਬੀਮਲਕ ਨੇ ਮੰਗ ਕੀਤੀ ਸੀ ਕਿ ਅਬਰਾਹਾਮ ਉਸ ਨੂੰ ਉਸੇ ਤਰ੍ਹਾਂ ਦੀ **ਕਿਰਪਾ** (חֶסֶד, *ਚੀਸਡ*, "ਵਫ਼ਾਦਾਰੀ" ਜਾਂ "ਦ੍ਰਿੜ੍ਹ ਪ੍ਰੇਮ") ਵਿਖਾਏ ਜੋ ਪੁਰਖੇ ਨੂੰ ਵਿਖਾਈ ਗਈ ਸੀ ਜਦੋਂ ਉਹ **ਦੇਸ ਵਿੱਚ ਆਇਆ** (גּוּר, *ਗੁਰ*, "ਪਰਦੇਸੀ ਰਿਹਾ") ਸੀ।

**ਆਇਤ 24.** ਅਬਰਾਹਾਮ ਨੇ ਤੁਰੰਤ ਕਿਹਾ, **ਮੈਂ ਸੌਂਹ ਖਾਵਾਂਗਾ।** ਹਾਲਾਂਕਿ ਅਸੀਂ ਅਸੀਂ ਸਿਰਫ ਪੁਰਖੇ ਦੇ ਸੌਂਹ ਖਾਣ ਬਾਰੇ ਪੜ੍ਹਦੇ ਹਾਂ, ਅਸੀਂ ਜਾਣਦੇ ਹਾਂ ਕਿ ਇਸ ਜੰਗ ਨਾ ਕਰਨ ਦੀ ਸੰਧੀ ਜਾਂ ਸਮਝੌਤੇ ਨੂੰ ਕਾਨੂੰਨੀ ਤੌਰ ਤੇ ਉਚਿਤ ਬਣਾਉਣ ਦੇ ਲਈ ਦੋਵਾਂ ਨੂੰ ਸੌਂਹ ਖਾਣੀ ਪੈਣੀ ਸੀ। ਇਸ ਲਈ, ਇਸ ਰਸਮ ਦੇ ਬਿਰਤਾਂਤ ਦੇ ਅੰਤ ਵਿੱਚ, ਇਸ ਕਹਾਣੀ ਨੂੰ ਦੱਸਣ ਵਾਲੇ ਨੇ ਇਹ ਗੱਲ ਸ਼ਾਮਲ ਕੀਤੀ ਕਿ ਇਸ ਸੰਧੀ ਜਾਂ ਸਮਝੌਤੇ ਦਾ ਵਫ਼ਾਦਰੀ ਨਾਲ ਪਾਲਣ ਕਰਨ ਦੇ ਲਈ ਉਨ੍ਹਾਂ "ਦੋਹਾਂ ਨੇ ਸੌਂਹ ਖਾਧੀ ਸੀ" (21:31)। ਸ਼ਾਇਦ, ਪਹਿਲਾਂ ਇਸ ਦਾ ਇਸ ਲਈ ਜ਼ਿਕਰ ਨਹੀਂ ਸੀ ਕੀਤਾ ਗਿਆ ਕਿਉਂਕਿ ਮੰਨਿਆ ਜਾ ਸਕਦਾ ਹੈ ਕਿ ਉਹ ਵਿਅਕਤੀ ਜਿਹੜਾ ਨੇਮ ਬੰਨ੍ਹਣਾ ਚਾਹੁੰਦਾ ਹੈ ਉਹ ਇਸ ਨੇਮ ਦੇ ਪ੍ਰਤੀ ਵਫ਼ਾਦਾਰ ਰਹਿਣ ਦੀ ਸੌਂਹ ਖਾਂਦਾ ਸੀ। ਸਿਰਫ ਇੱਕੋ ਸਵਾਲ ਇਹ ਉੱਠਦਾ ਹੈ ਕਿ ਅਬਰਾਹਾਮ ਅਬੀਮਲਕ ਦੇ ਪ੍ਰਤੀ ਅਜਿਹੀ ਪ੍ਰਤੀਬੱਧਤਾ ਕਰੇਗਾ ਜਾਂ ਨਹੀਂ। ਜਿੰਨੀ ਛੇਤੀ ਉਹ ਇਸ ਤਰ੍ਹਾਂ ਕਰਨ ਦੇ ਲਈ ਸਹਿਮਤ ਹੋਵੇਗਾ, ਬਾਕੀ ਦੀ ਰਸਮ ਨੂੰ ਅੱਗੇ ਵਧਾਇਆ ਜਾ ਸਕਦਾ ਹੈ।

**ਆਇਤ 25.** ਇਸ ਤੋਂ ਪਹਿਲਾਂ ਕਿ ਦੋਵਾਂ ਮਨੁੱਖਾਂ ਨੇ ਇਸ ਨੇਮ ਦੀ ਪੁਸ਼ਟੀ ਕੀਤੀ, ਅਬਰਾਹਾਮ ਨੇ ਇੱਕ ਸ਼ਿਕਾਇਤ ਕੀਤੀ ਜਿਸ ਨੂੰ ਸੰਬੋਧਿਤ ਕਰਨ ਦੀ ਲੋੜ ਸੀ। ਉਸ ਨੇ ਅਬੀਮਲਕ ਨੂੰ ਉਲਾਂਭਾ ਦਿੱਤਾ ਕਿ ਉਸ ਦੇ ਮਨੁੱਖਾਂ ਨੇ **ਖੂਹ** ਪੁੱਟਿਆ ਸੀ (ਵੇਖੋ 26:15, 18) ਅਤੇ **ਅਬੀਮਲਕ ਦੇ ਨੌਕਰਾਂ ਨੇ ਇਸ ਨੂੰ ਜੋਰ ਨਾਲ ਖੋਹ ਲਿਆ ਸੀ**। ਇਹ ਪੁਰਖੇ ਦੇ ਲਈ ਇੱਕ ਮਹੱਤਵਪੂਰਣ ਪਰਖ ਸੀ। ਪਹਿਲਾਂ ਤੋਂ ਹੀ ਰਾਜਾ ਅਤੇ ਉਸ ਦੇ ਲੋਕਾਂ ਨੂੰ "ਕਿਰਪਾ" (*ਚੀਸਡ*) ਵਿਖਾਉਣ ਦੀ ਸੌਂਹ ਖਾ ਕੇ, ਉਹ ਬਿਨਾਂ ਆਪਣੀ ਸੌਂਹ ਦੀ ਉਲੰਘਣਾ ਕੀਤੇ ਅਬੀਮਲਕ ਦੇ ਮਨੁੱਖਾਂ ਦੇ ਅਪਰਾਧੀ ਕੰਮ ਦੇ ਲਈ ਉਨ੍ਹਾਂ ਨੂੰ ਸਜ਼ਾ ਨਹੀਂ ਸੀ ਦੇ ਸਕਦਾ। ਇਸ ਲਈ, ਇਸ ਮਾਮਲੇ ਵਿੱਚ ਨਿਆਂ ਦੇ ਲਈ ਅਬਰਾਹਾਮ ਕੋਲ ਰਾਜਾ ਦੇ ਅੱਗੇ ਅਪੀਲ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

**ਆਇਤ 26.** ਜਦ ਕਿ ਚੋਰੀ ਕੀਤੇ ਗਏ ਖੂਹ ਬਾਰੇ ਪੁਰਖੇ ਦੀ ਸ਼ਿਕਾਇਤ ਅੱਜ ਸਾਡੇ ਵਿੱਚੋਂ

ਕੁਝ ਲੋਕਾਂ ਨੂੰ ਇੱਕ ਗੰਭੀਰ ਜੁਰਮ ਨਹੀਂ ਪ੍ਰਤੀਤ ਹੋ ਸਕਦਾ, ਨਿਰਜਲ ਦੇਸ ਵਿੱਚ ਇਹ ਲੋਕਾਂ ਅਤੇ ਜਾਨਵਰਾਂ ਦੇ ਲਈ ਜੀਵਨ ਅਤੇ ਮੌਤ ਦਾ ਸੰਭਾਵਿਤ ਮਸਲਾ ਸੀ। ਉਸ ਵਾਅਦੇ ਦਾ ਕੀ ਮਹੱਤਵ ਸੀ ਕਿ ਅਬਰਾਹਾਮ **ਅਬੀਮਲਕ** ਦੇ ਨੇੜੇ ਉਸ ਦੇਸ ਵਿੱਚ ਸ਼ਾਂਤੀ ਨਾਲ ਰਹਿ ਸਕਦਾ ਸੀ, ਜੇਕਰ ਉਸ ਨੂੰ ਇਸ ਦੇ ਪਾਣੀ ਤੇ ਕੋਈ ਹੱਕ ਨਾ ਹੁੰਦਾ?

ਇਹ ਮੁੱਦਾ ਨਵੀਂ ਸੰਧੀ ਦੇ ਲਈ ਇੱਕ ਚੰਗੀ ਪਰਖ ਸੀ। ਅਬਰਾਹਾਮ ਇਹ ਜਾਣਨਾ ਚਾਹੁੰਦਾ ਸੀ ਕਿ ਰਾਜਾ ਉਸ ਦੇ ਨਾਲ ਸਹੀ ਵਿਹਾਰ ਕਰੇਗਾ ਜਾਂ ਨਹੀਂ ਅਤੇ ਉਸ ਦੇ ਕੁਝ ਨੌਕਰਾਂ ਦੁਆਰਾ ਕੀਤੀ ਗਈ ਗਲਤੀ ਨੂੰ ਸੁਧਾਰੇਗਾ ਜਾਂ ਨਹੀਂ। ਆਖ਼ਰਕਾਰ, ਅਬੀਮਲਕ ਨੇ ਅਬਰਾਹਾਮ ਨੂੰ ਅਤੇ ਜਿੰਨੇ ਵੀ ਲੋਕ ਉਸ ਦੇ ਨਾਲ ਉਨ੍ਹਾਂ ਨੂੰ ਉਸ ਇਲਾਕੇ ਵਿੱਚ ਆ ਕੇ ਰਹਿਣ ਦਾ ਸੱਦਾ ਦਿੱਤਾ ਸੀ (20:15)। ਸੁਭਾਵਕ ਤੌਰ ਤੇ ਇਸ ਦਾ ਅਰਥ ਉਨ੍ਹਾਂ ਦੇ ਬਚਾਅ ਦੇ ਲਈ ਦੇਸ ਅਤੇ ਇਸ ਦੇ ਪਾਣੀ ਦੀ ਵਰਤੋਂ ਸੀ। ਰਾਜਾ ਨੇ ਇਸ ਦੇ ਬਾਰੇ ਪੂਰੀ ਅਗਿਆਨਤਾ ਦਾ ਦਾਅਵਾ ਕੀਤਾ ਕਿ **ਇਹ ਕੰਮ ਕਿਹ ਨੇ ਕੀਤਾ**। ਫਿਰ ਇਸ ਮਾਮਲੇ ਵਿੱਚ ਉਸ ਨੇ ਇਹ ਕਹਿੰਦੇ ਹੋਏ ਸਾਰਾ ਦੋਸ਼ ਅਬਰਾਹਾਮ ਤੇ ਲਾ ਦਿੱਤਾ ਕਿ ਉਸ ਨੇ ਇਸ ਸਮੱਸਿਆ ਨੂੰ ਦੱਸਣ ਵਿੱਚ ਲਾਪਰਵਾਹੀ ਕੀਤੀ ਸੀ। ਅਬੀਮਲਕ ਨੇ ਜ਼ੋਰ ਦਿੱਤਾ ਕਿ ਉਸ ਨੇ ਇਸ ਦੇ ਬਾਰੇ **ਅੱਜ ਦੇ ਦਿਨ ਤੱਕ** ਨਹੀਂ ਸੀ ਸੁਣਿਆ।

### ਸੰਧੀ ਦਾ ਪ੍ਰਮਾਣਿਤ ਕੀਤਾ ਜਾਣ (21:27-34)

**27ਤਾਂ ਅਬਰਾਹਾਮ ਨੇ ਭੇਡਾਂ ਅਰ ਗਾਈਆਂ ਬਲਦ ਲੈਕੇ ਅਬੀਮਲਕ ਨੂੰ ਦਿੱਤੇ ਅਤੇ ਦੋਹਾਂ ਨੇ
ਆਪੋ ਵਿੱਚ ਨੇਮ ਕੀਤਾ। 28ਅਬਰਾਹਾਮ ਨੇ ਭੇਡਾਂ ਦੀਆਂ ਸੱਤ ਲੇਲੀਆਂ ਲੈਕੇ ਵੱਖਰੀਆਂ ਕਰ
ਲਈਆਂ। 29ਤਾਂ ਅਬੀਮਲਕ ਨੇ ਅਬਰਾਹਾਮ ਨੂੰ ਆਖਿਆ ਕਿ ਇਨ੍ਹਾਂ ਸੱਤਾਂ ਵੱਖਰੀਆਂ ਕੀਤੀਆਂ
ਹੋਈਆਂ ਲੇਲੀਆਂ ਦਾ ਕੀ ਮਤਲਬ ਹੈ? 30ਉਸ ਆਖਿਆ, ਤੂੰ ਏਹ ਸੱਤ ਲੇਲੀਆਂ ਮੇਰੇ ਹੱਥੋਂ ਲੈ ਲੈ
ਤਾਂ ਜੋ ਏਹ ਮੇਰੀਆਂ ਗਵਾਹ ਹੋਣ ਭਈ ਏਹ ਖੂਹ ਮੈਂ ਪੁੱਟਿਆ ਹੈ। 31ਏਸੇ ਲਈ ਉਸ ਥਾਂ ਦਾ ਨਾਉਂ
ਬਏਰਸਬਾ ਪੈ ਗਿਆ ਕਿਉਂਜੋ ਉੱਥੇ ਉਨ੍ਹਾਂ ਦੋਹਾਂ ਨੇ ਸੌਂਹ ਖਾਧੀ ਸੀ। 32ਸੋ ਉਨ੍ਹਾਂ ਨੇ ਬਏਰਸਬਾ
ਵਿੱਚ ਨੇਮ ਕੀਤਾ ਅਰ ਅਬੀਮਲਕ ਅਰ ਉਹ ਦੀ ਸੈਨਾ ਦਾ ਸਰਦਾਰ ਫੀਕੋਲ ਉੱਠੇ ਅਤੇ
ਫਲਿਸਤੀਆਂ ਦੇ ਦੇਸ ਨੂੰ ਮੁੜ ਆਏ। 33ਉਪਰੰਤ ਉਸ ਨੇ ਬਏਰਸਬਾ ਵਿੱਚ ਝਾਊ ਦਾ ਇੱਕ ਰੁੱਖ
ਲਾਇਆ ਅਤੇ ਉੱਥੇ ਯਹੋਵਾਹ ਅਟੱਲ ਪਰਮੇਸ਼ੁਰ ਦਾ ਨਾਮ ਲਿਆ। 34ਅਤੇ ਅਬਰਾਹਾਮ
ਬਹੁਤਿਆਂ ਦਿਨਾਂ ਤੀਕ ਫਲਿਸਤੀਆਂ ਦੇ ਦੇਸ ਵਿੱਚ ਪਰਦੇਸੀ ਹੋਕੇ ਰਿਹਾ।**

**ਆਇਤ 27. ਅਬਰਾਹਾਮ** ਨੇ ਸਪੱਸ਼ਟ ਤੌਰ ਤੇ ਅਬੀਮਲਕ ਤੇ ਵਿਸ਼ਵਾਸ ਕੀਤਾ ਜਦੋਂ ਉਸ ਨੇ ਇਸ ਗੱਲ ਦੀ ਜਾਣਕਾਰੀ ਹੋਣ ਦਾ ਇਨਕਾਰ ਕਰ ਦਿੱਤਾ ਕਿ ਉਸ ਦੇ ਨੌਕਰਾਂ ਨੇ ਜ਼ੋਰ ਨਾਲ ਉਸ ਦਾ ਖੂਹ ਖੋਹ ਲਿਆ ਸੀ। ਹਾਲਾਂਕਿ ਮੂਲ ਲਿਖਤ ਇਹ ਨਹੀਂ ਦੱਸਦੀ ਕਿ ਇਹ ਝਗੜੇ ਦਾ ਨਤੀਜਾ ਕੀ ਨਿੱਕਲਿਆ ਸੀ, ਸ਼ਾਇਦ ਰਾਜਾ ਪੁਰਖੇ ਦੇ ਦਾਅਵੇ ਦੀ ਜਾਂਚ ਕਰਨ ਦੇ ਲਈ ਸਹਿਮਤ ਹੋ ਗਿਆ ਸੀ। ਅਬਰਾਹਾਮ ਨੇ ਸ਼ਾਇਦ ਬਿਨਾਂ ਇਸ ਭਰੋਸੇ ਦੇ ਅਬੀਮਲਕ ਦੇ ਜੰਗ ਨਾ ਕਰਨ ਦੀ ਸੰਧੀ ਦੀ ਪੁਸ਼ਟੀ ਕੀਤੀ ਹੋਵੇਗੀ ਕਿ ਰਾਜਾ ਉਸ ਦੇ ਨਾਲ ਜੋ ਗਲਤ ਹੋਇਆ ਸੀ ਉਸ ਨੂੰ ਸੁਧਾਰੇਗਾ। ਝਗੜੇ ਦੇ ਸ਼ਾਂਤੀਪੂਰਣ ਨਿਪਟਾਰੇ ਦੇ ਲਈ ਪ੍ਰਸ਼ੰਸਾ ਵਿੱਚ, ਪੁਰਖੇ ਨੇ **ਭੇਡਾਂ ਅਤੇ ਗਾਈਆਂ ਬਲਦ ਲੈਕੇ ਅਬੀਮਲਕ ਨੂੰ ਦਿੱਤੇ**।

ਮੁੜ ਤੋਂ ਚੰਗੇ ਸੰਬੰਧ ਬਹਾਲ ਹੋਣ ਦੇ ਨਾਲ ਹੀ, **ਦੋਹਾਂ ਨੇ ਆਪੋ ਵਿੱਚ ਨੇਮ ਕੀਤਾ**, ਜਿਸ ਦੇ ਵਿੱਚ ਆਪਸੀ ਜ਼ਿੰਮੇਵਾਰੀਆਂ ਸ਼ਾਮਲ ਸਨ। ਅਨੁਵਾਦ ਕੀਤਾ ਗਿਆ ਸ਼ਬਦ "ਨੇਮ ਕੀਤਾ" ਇਬਰਾਨੀ ਸ਼ਬਦ (3, *ਕਰਾਥ ਬੀਰਿਥ*) ਤੋਂ ਆਉਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ "ਨੇਮ

ਕੱਟਣਾ" ਜੋ ਇੱਕ ਜਾਨਵਰ ਨੂੰ ਦੋ ਹਿੱਸਿਆਂ ਵਿੱਚ ਕੱਟ ਕੇ ਲੋਥ ਦੇ ਕੱਟੇ ਹੋਏ ਹਿੱਸਿਆਂ ਦੇ ਵਿੱਚੋਂ ਦੀ ਲੰਘਣ ਦਾ ਸੰਕੇਤ ਦੇ ਸਕਦਾ ਹੈ (ਵੇਖੋ 15:7-11, 17, 18)। ਉਹ ਵਿਅਕਤੀ ਜਿਨ੍ਹਾਂ ਨੇ ਇਸ ਤਰ੍ਹਾਂ ਕੀਤਾ, ਭਾਵ ਉਹ ਸਭ ਜਿਨ੍ਹਾਂ ਨੇ ਨੇਮ ਦੇ ਨਿਯਮਾਂ ਦੀ ਪਾਲਣਾ ਨਾ ਕੀਤੀ, ਉਨ੍ਹਾਂ ਨੇ ਆਪਣੇ ਆਪ ਨੂੰ ਇਸ ਸਰਾਪ ਹੇਠ ਲੈ ਆਂਦਾ ਕਿ "ਉਨ੍ਹਾਂ ਦਾ ਅੰਤ ਜਾਨਵਰਾਂ ਜਿਹਾ ਹੋਵੇਗਾ।"[15]

**ਆਇਤ 28.** ਮੂਲ ਲਿਖਤ ਦੱਸਦੀ ਹੈ ਕਿ **ਅਬਰਾਹਾਮ ਨੇ ਭੇਡਾਂ ਦੀਆਂ ਸੱਤ ਲੇਲੀਆਂ ਲੈਕੇ ਵੱਖਰੀਆਂ ਕਰ ਲਈਆਂ**। ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਪੁਰਖੇ ਨੇ ਉਨ੍ਹਾਂ ਦੋ ਮਨੁੱਖਾਂ ਤੋਂ ਇਲਾਵਾ ਜਿਨ੍ਹਾਂ ਨੇ ਹੁਣੇ ਕੁਰਬਾਨੀ ਦਿੱਤੀ ਸੀ ਸੱਤ ਜਾਨਵਰਾਂ ਨੂੰ ਚੁਣਿਆ। ਇਹ ਕੰਮ ਦਸਤੂਰ ਤੋਂ ਵੀ ਪਰੇ ਸੀ, ਕਿਉਂਕਿ ਅਬੀਮਲਕ ਇਸ ਦੇ ਅਰਥ ਬਾਰੇ ਉਲਝਣ ਵਿੱਚ ਪਿਆ ਸੀ।

**ਆਇਤ 29.** ਕਿਉਂਕਿ ਵਾਧੂ ਲੇਲੀਆਂ ਦਾ ਮਹੱਤਵ ਆਪਣੇ ਆਪ ਵਿੱਚ ਸਪੱਸ਼ਟ ਨਹੀਂ ਸੀ, ਰਾਜਾ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਝਿੱਜਕਦਾ ਸੀ। ਉਸ ਨੇ ਇਹ ਪੁੱਛਣ ਦੁਆਰਾ ਇਸ ਗੱਲ ਨੂੰ ਸਪੱਸ਼ਟ ਕਰਨ ਤੇ ਜ਼ੋਰ ਦਿੱਤਾ ਕਿ **ਇਨ੍ਹਾਂ ਸੱਤਾਂ ਵੱਖਰੀਆਂ ਕੀਤੀਆਂ ਹੋਈਆਂ ਲੇਲੀਆਂ ਦਾ ਕੀ ਮਤਲਬ ਹੈ?**

**ਆਇਤ 30.** ਅਬਰਾਹਾਮ ਨੇ ਰਾਜਾ ਨੂੰ ਆਪਣੇ ਉਦੇਸ਼ ਅਤੇ ਆਪਣੇ ਕੰਮ ਦੋਵੇਂ ਸਮਝਾਏ: **ਤੂੰ ਏਹ ਸੱਤ ਲੇਲੀਆਂ ਮੇਰੇ ਹੱਥੋਂ ਲੈ ਲੈ ਤਾਂ ਜੋ ਏਹ ਮੇਰੀਆਂ ਗਵਾਹ ਹੋਣ ਭਈ ਏਹ ਖੂਹ ਮੈਂ ਪੁੱਟਿਆ ਹੈ।** ਪੁਰਖਾ ਜੰਗ ਨਾ ਕਰਨ ਦੀ ਸੰਧੀ ਜਾਂ ਮੌਖਕ ਵਾਅਦੇ ਦੀ ਸੁਰੱਖਿਆ ਤੋਂ ਵੱਧ ਲੈਣਾ ਚਾਹੁੰਦਾ ਸੀ ਕਿ ਅਬੀਮਲਕ ਖੂਹ ਦੀ ਸਹੀ ਮਾਲਕੀ ਨਿਸ਼ਚਤ ਕਰੇਗਾ; ਉਹ ਚਾਹੁੰਦਾ ਸੀ ਕਿ ਰਾਜਾ ਲੋਕਾਂ ਦੇ ਵਿੱਚ ਇਸ ਗੱਲ ਦੀ ਸੌਂਹ ਚੁੱਕੇ ਕਿ ਖੂਹ ਅਬਰਾਹਾਮ ਦਾ ਸੀ, ਕਿਉਂਕਿ ਉਸ ਦੇ ਆਦਮੀਆਂ ਨੇ ਇਸ ਨੂੰ ਪੁੱਟਿਆ ਸੀ।

**ਆਇਤ 31.** ਅਬੀਮਲਕ ਨਾਲ ਅਬਰਾਹਾਮ ਦੀ ਦੂਜੀ ਮੁਲਾਕਾਤ ਬਾਰੇ ਇਹ ਕਹਾਣੀ ਇਸ ਕਥਨ ਨਾਲ ਖਤਮ ਹੁੰਦੀ ਹੈ ਕਿ ਪੁਰਖੇ ਨੇ **ਉਸ ਥਾਂ ਦਾ ਨਾਉਂ ਬਏਰਸਬਾ ਰੱਖ ਦਿੱਤਾ ਕਿਉਂਜੋ ਇੱਥੇ ਉਨ੍ਹਾਂ ਦੋਹਾਂ ਨੇ ਸੌਂਹ ਖਾਧੀ ਸੀ**। "ਖੂਹ" (21:25, 30) ਤੋਂ ਇਲਾਵਾ, ਇਸ ਹਿੱਸੇ ਵਿੱਚ "ਸੌਂਹ ਖਾਣ," "ਸੱਤ" ਅਤੇ "ਸੌਂਹ" ਦੇ ਹਵਾਲਿਆਂ ਨੂੰ ਬਾਰ-ਬਾਰ ਦੁਹਰਾਇਆ ਗਿਆ ਹੈ (21:23, 24, 28, 29, 30)। ਲੇਖਕ ਨੇ ਇੱਥੇ ਵਰਤੇ ਗਏ ਸ਼ਬਦਾਂ ਦੇ ਮਹੱਤਵ ਨੂੰ ਸਮਝਾਇਆ ਸੀ। "ਬਏਰਸਬਾ" ਨਾਮ ਦੋ ਇਬਰਾਨੀ ਸ਼ਬਦਾਂ ਨੂੰ ਮਿਲ ਕੇ ਬਣਿਆ ਹੈ: בְּאֵר (*ਬੀਰ*), ਜਿਸ ਦਾ ਅਰਥ ਹੈ "ਖੂਹ" ਅਤੇ שֶׁבַע (*ਸ਼ੀਬਾ*) ਜਿਸ ਦਾ ਅਰਥ ਹੈ "ਸੱਤ।" ਜਦੋਂ ਦੋਹਾਂ ਸ਼ਬਦਾਂ ਨੂੰ ਇਕੱਠੇ ਰੱਖਿਆ ਜਾਂਦਾ ਹੈ, ਤਾਂ ਉਨ੍ਹਾਂ ਦਾ ਸ਼ਾਬਦਿਕ ਅਰਥ ਹੁੰਦਾ ਹੈ "ਸੱਤਾਂ ਦਾ ਖੂਹ," ਜਿਹੜਾ ਉਨ੍ਹਾਂ ਸੱਤ ਲੇਲੀਆਂ ਦਾ ਹਵਾਲਾ ਦਿੰਦਾ ਹੈ ਜੋ ਪੁਰਖੇ ਨੇ ਰਾਜੇ ਨੂੰ ਦਿੱਤੀਆਂ ਸਨ। ਇਸ ਨਾਮ ਦਾ ਅਰਥ "ਸੌਂਹ ਦਾ ਖੂਹ" ਵੀ ਹੋ ਸਕਦਾ ਹੈ ਜੋ ਉਸ ਥਾਂ ਦੀ ਯਾਦ ਦਿਵਾਉਂਦਾ ਹੈ ਜਿੱਥੇ ਦੋਵਾਂ ਆਦਮੀਆਂ ਨੇ ਸੌਂਹ ਖਾਧੀ ਸੀ।[16]

ਪੰਝੀ ਸਾਲਾਂ ਤੋਂ ਵੀ ਵੱਧ ਸਮਾਂ ਕਨਾਨ ਵਿੱਚ ਰਹਿਣ ਤੋਂ ਬਾਅਦ, ਅਬਰਾਹਾਮ ਨੂੰ ਆਖ਼ਰਕਾਰ ਉੱਥੇ ਘੱਟੋ-ਘੱਟ ਇੱਕ ਖੂਹ ਦਾ ਕਾਨੂਨੀ ਹੱਕ ਮਿਲ ਗਿਆ। ਅਬਰਾਹਾਮ ਦੇ ਖੂਹ ਦੀ ਅਸਲੀ ਥਾਂ ਬਾਰੇ ਵਿਵਾਦ ਹੈ, ਕਿਉਂਕਿ ਖੂਹ ਅੱਜ ਦੀ ਤਾਰੀਖ ਤੱਕ ਮੁਸ਼ਕਲ ਹਨ ਅਤੇ ਉਸ ਥਾਂ ਦੇ ਦੋ ਮੀਲ ਤੋਂ ਘੱਟ ਦਾਇਰੇ ਦੇ ਅੰਦਰ ਕਈ ਖੂਹਾਂ ਦੀ ਖੋਜ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਦਾ ਆਧੁਨਿਕ ਨਾਮ ਟੈਲ ਬਏਰਸਬਾ ਹੈ। ਇਸ ਤੋਂ ਇਲਾਵਾ, ਕੋਈ ਇਹ ਨਹੀਂ ਜਾਣਦਾ ਕਿ ਟੈਲ ਬਏਰਸਬਾ ਉਸ ਥਾਂ ਦਾ ਨਾਮ ਹੈ ਜਾਂ ਨਹੀਂ ਜੋ ਪੁਰਖੇ ਦੇ ਬਏਰਸਬਾ ਦਾ ਸੀ।[17] ਕਈ ਵਾਰ ਲੋਕ ਭੁਚਾਲਾਂ, ਯੁੱਧਾਂ ਰਾਹੀਂ ਨਾਸ, ਸੋਮਿਆਂ ਜਾਂ ਖੂਹਾਂ ਦੇ ਸੁੱਕਣ ਅਤੇ ਹੋਰ ਕਈ ਕਾਰਣਾਂ ਕਰਕੇ ਪ੍ਰਾਚੀਨ ਥਾਵਾਂ ਨੂੰ ਛੱਡ ਜਾਂਦੇ ਸਨ। ਉਹ ਵਾਸੀ ਜੋ ਉਸ ਥਾਂ ਤੋਂ ਚਲੇ ਜਾਂਦੇ ਸਨ ਕਈ ਵਾਰ

ਅਸਲੀ ਸ਼ਹਿਰ ਦੇ ਨਾਮ ਨੂੰ ਨਵੀਂ ਥਾਂ ਤੇ ਲੈ ਜਾਂਦੇ ਸਨ। ਪੁਰਾਤੱਤਵ ਵਿਗਿਆਨੀਆਂ ਨੂੰ ਪ੍ਰਾਚੀਨ ਸੰਸਾਰ ਵਿੱਚ ਅਜਿਹੀਆਂ "ਥਾਵਾਂ ਨੂੰ ਬਦਲਣ" ਦੇ ਕਈ ਪ੍ਰਮਾਣ ਮਿਲੇ ਹਨ।

**ਆਇਤ 32.** ਅਬਰਾਹਾਮ ਨਾਲ **ਬਏਰਸਬਾ ਵਿੱਚ** ਸਫ਼ਲਤਾਪੂਰਵਕ **ਨੇਮ ਕਰਨ** ਤੋਂ ਬਾਅਦ, **ਅਬੀਮਲਕ ਅਤੇ ਫੀਕੋਲ ਫਲਿਸਤੀਆਂ ਦੇ ਦੇਸ ਨੂੰ** ਮੁੜਨ ਦੇ ਲਈ ਤਿਆਰ ਸਨ। ਇਸ ਕਥਨ ਦਾ ਅਰਥ ਇਹ ਹੈ ਕਿ ਬਏਰਸਬਾ ਸਿੱਧਾ ਫਲਿਸਤੀਆਂ ਦੇ ਨਿਯੰਤਰਣ ਵਿੱਚ ਨਹੀਂ ਸੀ; ਪਰ ਇਹ ਸਪੱਸ਼ਟ ਤੌਰ ਤੇ ਉਨ੍ਹਾਂ ਦੀ ਹੱਦ ਦੇ ਬਹੁਤ ਹੀ ਜਿਆਦਾ ਨੇੜੇ ਸੀ ਕਿ ਉਨ੍ਹਾਂ ਨੇ ਇਸ ਤੇ ਆਪਣਾ ਕੁਝ ਨਿਯੰਤਰਣ ਕੀਤਾ ਅਤੇ ਅਬਰਾਹਾਮ, ਸ਼ਕਤੀਸ਼ਾਲੀ ਸ਼ੇਖ ਨਾਲ ਜਿਹੜਾ ਉੱਥੇ ਰਹਿੰਦਾ ਸੀ ਸ਼ਾਂਤੀਪੂਰਣ ਸੰਬੰਧਾਂ ਨੂੰ ਬਰਕਰਾਰ ਰੱਖਣਾ ਚਾਹੁੰਦੇ ਸਨ।

ਕੁਝ ਆਲੋਚਕ ਅਬੀਮਲਕ, ਫੀਕੋਲ ਅਤੇ ਗਰਾਰ ਦੇ ਫਲਿਸਤੀਆਂ ਦੀ ਕਹਾਣੀ ਬਾਰੇ ਸੰਦੇਹਵਾਦੀ ਰਹਿੰਦੇ ਹਨ। ਉਹ ਫਲਿਸਤੀਆਂ ਦੇ ਦੇਸ ਨੂੰ ਪੁਰਾਣੇ ਫਲਿਸਤੀਨ ਦੇ ਕਿਸੇ ਹਵਾਲੇ ਦੇ ਰੂਪ ਵਿੱਚ ਵੇਖਦੇ ਹਨ, ਕਿਉਂਕਿ ਲਗਭਗ 1200 ਈ.ਪੂ. ਤੱਕ ਕਨਾਨ ਦੇ ਦੇਸ ਵਿੱਚ ਉਨ੍ਹਾਂ ਦੇ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਕੋਈ ਪ੍ਰਮਾਣ ਨਹੀਂ ਹੈ। ਫਿਰ ਵੀ, ਪੁਰਾਤੱਤਵ ਵਿਗਿਆਨੀਆਂ ਨੇ ਕਰੇਤੇ ਦੇ ਟਾਪੂ ("ਕਫ਼ਤੋਰ"; ਆਮੋਸ 9:7) ਅਤੇ ਮਿਸਰ, ਕਨਾਨ, ਸੀਰੀਆ ਅਤੇ ਮਸੋਪੋਤਾਮੀਆ ਵਿਚਕਾਰ ਵਿਆਪਕ ਵਪਾਰ ਦੇ ਪ੍ਰਮਾਣ ਦੀ ਖੋਜ ਕੀਤੀ ਸੀ, ਜਿਸ ਦੇ ਵਿੱਚ ਕਰੇਤੀ-ਸ਼ੈਲੀ ਦੀਆਂ ਦਸਤਕਾਰੀਆਂ, ਮਿੱਟੀ ਦੇ ਭਾਡੇ ਅਤੇ ਪਿਉ ਦਾਦਿਆਂ ਦੇ ਸਮੇਂ ਦਾ ਪਿਆਲਾ ਸ਼ਾਮਲ ਸੀ।[18] ਉਸ ਹਾਲਤ ਵਿੱਚ, ਇਸ ਦਾ ਕੋਈ ਚੰਗਾ ਕਾਰਣ ਪ੍ਰਤੀਤ ਨਹੀਂ ਹੁੰਦਾ ਕਿ ਕਿਉਂ ਉਤਪਤ ਦੇ ਫਲਿਸਤੀ ਲੋਕ ਕਰੇਤੀ ਲੋਕਾਂ ਦੀ ਪਹਿਲੀ ਲਹਿਰ ਹੋ ਸਕਦੇ ਸਨ ਅਤੇ ਬਾਅਦ ਵਿੱਚ ਫਲਿਸਤੀ ਆਖ਼ਰੀ ਲਹਿਰ ਸਨ, ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਕਨਾਨ ਦੇ ਦੇਸ ਤੇ ਹਮਲਾ ਕੀਤਾ ਸੀ।

ਇਸ ਤੋਂ ਇਲਾਵਾ, ਇਹ ਆਰੰਭਕ ਵਾਸੀ ਰਾਜਨੀਤਿਕ ਤੌਰ ਤੇ ਬਾਅਦ ਵਾਲੇ ਫਲਿਸਤੀਆਂ ਤੋਂ ਵੱਖਰੇ ਸਨ। ਉਹ, ਜਿਨ੍ਹਾਂ ਨਾਲ ਅਬਰਾਹਾਮ ਨੇ ਸੰਧੀ ਕੀਤੀ ਸੀ, ਸ਼ਾਂਤੀਪੂਰਣ ਸਨ ਅਤੇ ਉਨ੍ਹਾਂ ਨੇ ਅਜਨਬੀਆਂ ਨਾਲ ਵਿਹਾਰ ਕਰਨ ਵਿੱਚ ਕੂਟਨੀਤੀ ਦਾ ਇਸਤੇਮਾਲ ਕੀਤਾ ਸੀ; ਉਹ ਗਰਾਰ ਵਿੱਚ ਰਹਿੰਦੇ ਸਨ ਅਤੇ ਇੱਕ ਰਾਜਾ ਦੇ ਅਧੀਨ ਸਨ। ਤੁਲਨਾ ਵਿੱਚ, ਬਾਅਦ ਵਾਲੇ ਫਲਿਸਤੀ ਲੜਾਕੂ ਯੋਧਾ ਸਨ, ਜਿਨ੍ਹਾਂ ਨੇ ਪੰਜ ਸ਼ਹਿਰਾਂ (ਇੱਕ ਪੈਂਟਾਪੋਲਿਸ) – ਗਾਜ਼ਾ, ਅਸ਼ਦੋਦ, ਅਸਕਲੋਨ, ਗਾਥ ਅਤੇ ਅਕਰੋਨ – ਦਾ ਗਠਬੰਧਨ ਕੀਤਾ ਜਿਨ੍ਹਾਂ ਤੇ ਪੰਜ ਸਰਦਾਰ ਰਾਜ ਕਰਦੇ ਸਨ (ਯਹੋਸ਼ੁਆ 13:3; ਨਿਆਈਆਂ 3:3; 1 ਸਮੂਏਲ 6:16-18)।[19] ਇਸਰਾਏਲੀਆਂ ਨੇ ਨਿਆਈਆਂ ਦੇ ਜ਼ਿਆਦਾਤਰ ਸਮੇਂ ਅਤੇ ਸ਼ਾਊਲ ਦੇ ਸਾਰੇ ਰਾਜ ਦੌਰਾਨ ਫਲਿਸਤੀਆਂ ਦੇ ਹੱਥੋਂ ਦੁੱਖ ਝੱਲਿਆ। ਕਾਫੀ ਸਾਲਾਂ ਦੇ ਰਾਜ ਤੋਂ ਬਾਅਦ ਦਾਊਦ ਦੇ ਰਾਜ ਵਿੱਚ ਉਸ ਦੀ ਸੈਨਾ ਉਨ੍ਹਾਂ ਨੂੰ ਅਧੀਨ ਕਰਨ ਵਿੱਚ ਸਮਰੱਥ ਹੋਈ ਸੀ (2 ਸਮੂਏਲ 8:1; 1 ਇਤਹਾਸ 18:1)।

**ਆਇਤ 33.** ਹੁਣ ਉਹ ਨੇਮ ਸਵੀਕਾਰ ਕਰ ਲਿਆ ਗਿਆ ਸੀ ਅਤੇ ਦੋਹਾਂ ਗੁੱਟਾਂ ਦੁਆਰਾ ਉਸ ਦੀ ਪੁਸ਼ਟੀ ਕਰ ਦਿੱਤੀ ਗਈ ਸੀ, ਅਬੀਮਲਕ ਅਤੇ ਫੀਕੋਲ ਗਰਾਰ ਨੂੰ ਪਰਤ ਗਏ। ਪੁਰਖਾ ਉੱਥੇ ਰਿਹਾ ਅਤੇ ਉਸ ਨੇ **ਬਏਰਸਬਾ ਵਿੱਚ ਝਾਊ ਦਾ ਇੱਕ ਰੁੱਖ ਲਾਇਆ**। ਝਾਊ ਦੇ ਰੁੱਖ ਹਮੇਸ਼ਾ ਦੱਖਣ ਦੇ ਦੱਖਣੀ ਹਿੱਸੇ ਵਿੱਚ ਛਾਂ ਦੇ ਲਈ ਬਹੁਤ ਹੀ ਮਹੱਤਵਪੂਰਣ ਹੁੰਦੇ ਸਨ ਅਤੇ ਉਹ ਉਸ ਇਲਾਕੇ ਦੇ ਘੱਟ ਵਰਖਾ ਵਾਲੇ ਮੌਸਮ ਵਿੱਚ ਬਹੁਤ ਹੀ ਢੁੱਕਵੇਂ ਹਨ। ਬੱਦੂਆਂ ਨੇ ਉਨ੍ਹਾਂ ਨੂੰ ਰਵਾਇਤੀ ਤੌਰ ਤੇ ਉਗਾਇਆ ਸੀ ਕਿਉਂਕਿ ਉਚਾਈ ਵਿੱਚ ਵੀਹ ਤੋਂ ਤੀਹ ਫੁੱਟ ਉੱਚੇ ਹੁੰਦੇ ਸਨ ਅਤੇ ਛਾਂ ਦਿੰਦੇ ਸਨ। ਉਨ੍ਹਾਂ ਦਾ ਅਯਾਲੀਆਂ ਦੇ ਲਈ ਇੱਕ ਰਵਾਇਤੀ ਮਹੱਤਵ ਸੀ ਕਿਉਂਕਿ ਭੇਡਾਂ ਬੱਕਰੀਆਂ ਨੂੰ ਉਨ੍ਹਾਂ ਦੀਆਂ ਕੋਮਲ ਹੇਠਲੀਆਂ ਟਹਿਣੀਆਂ ਖਾਣ ਨੂੰ ਚੰਗੀਆਂ ਲੱਗਦੀਆਂ ਹਨ।[20]

ਪੁਰਾਣੇ ਨੇਮ ਵਿੱਚ, ਰੁੱਖ – ਖ਼ਾਸ ਕਰਕੇ ਸਦਾ ਬਹਾਰ ਰੁੱਖ – ਜੀਵਨ, ਫਲ ਅਤੇ ਪਰਮੇਸ਼ੁਰ ਦੀਆਂ ਬਰਕਤਾਂ ਦੇ ਪ੍ਰਤੀਕ ਹਨ (2:9; 13:10; ਜ਼ਬੂਰ 1:3; ਯਿਰਮਿਯਾਹ 17:7, 8; ਹਿਜ਼ਕੀਏਲ 47:12)। ਕਿਉਂਕਿ ਪੁਰਖੇ ਨੇ ਝਾਊ ਦਾ ਰੁੱਖ ਲਾ ਕੇ ਬੰਦਗੀ ਦੇ ਕਾਰਜ ਦਾ ਪਾਲਣ ਕੀਤਾ, ਕੁਝ ਇਸ ਰੁੱਖ ਦੇ ਲਾਉਣ ਨੂੰ ਇੱਕ ਜਗਵੇਦੀ ਬਣਾਉਣ ਦੇ ਵਾਂਗ ਵੇਖਦੇ ਹਨ। ਪ੍ਰਾਚੀਨ ਕਨਾਨੀ ਲੋਕ ਆਪਣੀ ਬੰਦਗੀ ਵਿੱਚ ਰੁੱਖਾਂ, ਥੰਮਾਂ ਅਤੇ ਜਗਵੇਦੀਆਂ ਦਾ ਇਸਤੇਮਾਲ ਕਰਦੇ ਸਨ ਅਤੇ ਇਹ ਅਪਮਾਣਜਨਕ ਉਪਜਾਊਪਣ ਰੀਤਾਂ ਨਾਲ ਜੁੜੇ ਸਨ। ਬਾਅਦ ਵਿੱਚ, ਗੈਰ-ਜਾਤੀਆਂ ਦੀ ਨਕਲ ਕਰਨ ਦੀ ਇਸਰਾਏਲੀਆਂ ਦੀ ਪ੍ਰਵਿਰਤੀ ਦੇ ਕਾਰਣ, ਮੂਸਾ ਦੀ ਸ਼ਰਾ ਵਿੱਚ ਯਹੋਵਾਹ ਦੀ ਬੰਦਗੀ ਵਿੱਚ ਪਵਿੱਤਰ ਰੁੱਖਾਂ ਦੀ ਵਰਤੋਂ ਦੀ ਮਨਾਹੀ ਕਰ ਦਿੱਤੀ ਗਈ (ਬਿਵਸਥਾ ਸਾਰ 16:21)। ਕਿਉਂਕਿ ਅਬਰਾਹਾਮ ਹਮੇਸ਼ਾ ਕਨਾਨੀ ਮੰਦਿਰਾਂ ਤੋਂ ਦੂਰ ਰਿਹਾ ਅਤੇ ਉਸ ਨੇ ਪਰਮੇਸ਼ੁਰ ਦੀ ਬੰਦਗੀ ਦੇ ਲਈ ਉਸ ਦੀਆਂ ਆਪਣੀਆਂ ਜਗਵੇਦੀਆਂ ਬਣਾਈਆਂ, ਉਹ ਰੁੱਖਾਂ ਨਾਲ ਜੁੜੇ ਉਪਜਾਊਪਣ ਦੀਆਂ ਰੀਤਾਂ ਤੋਂ ਅਣਜਾਣ ਰਿਹਾ ਹੋਵੇਗਾ। ਭਾਵੇਂ ਕਿ ਉਹ ਇਨ੍ਹਾਂ ਰੀਤਾਂ ਬਾਰੇ ਨਹੀਂ ਸੀ ਜਾਣਦਾ, ਉਹ ਰੁੱਖ ਜੋ ਉਸ ਨੇ ਲਗਾਇਆ ਉਸ ਦੇ ਲਈ ਬੰਦਗੀ ਦੀ ਇੱਕ ਵਸਤੂ ਦੇ ਰੂਪ ਵਿੱਚ ਉਸ ਦਾ ਕੋਈ ਮਹੱਤਵ ਨਹੀਂ ਸੀ। ਜਦੋਂ ਇਹ ਕਈ ਸਾਲਾਂ ਤੱਕ ਵਧਦਾ ਗਿਆ, ਇਸ ਨੇ ਉਸ ਦੇ ਲਈ ਯਹੋਵਾਹ ਦੀ ਬੰਦਗੀ ਕਰਨ ਵਾਸਤੇ ਇੱਕ ਠੰਡੀ ਛਾਂ ਪ੍ਰਦਾਨ ਕੀਤੀ ਹੋਵੇਗੀ।

ਇਸ ਘਟਨਾ ਦੀ ਇੱਕ ਹੋਰ ਵਿਆਖਿਆ ਇਸ ਗੱਲ ਨੂੰ ਧਿਆਨ ਵਿੱਚ ਰੱਖਦੀ ਹੈ ਕਿ ਅਬੀਮਲਕ ਨੇ ਪੁਰਖੇ ਨੂੰ ਉਸ ਦੇਸ ਵਿੱਚ ਜਿੱਥੇ ਕਿਤੇ ਉਹ ਰਹਿਣਾ ਚਾਹੁੰਦਾ ਸੀ ਰਹਿਣ ਦੀ ਪ੍ਰਵਾਨਗੀ ਦਿੱਤੀ ਸੀ (20:15)। ਦੋਹਾਂ ਨੇ ਬਏਰਸਬਾ ਵਿੱਚ ਜੋ ਖੂਹ ਸੀ ਉਸ ਨੂੰ ਅਬਰਾਹਾਮ ਦੀ ਜਾਇਦਾਦ ਸਮਝਦੇ ਹੋਏ ਸੌਂਹ ਖਾਣ ਦੇ ਨਾਲ ਆਪਣੀ ਜੰਗ ਨਾ ਕਰਨ ਦੀ ਸੰਧੀ ਤੇ ਮੋਹਰ ਲਾਈ ਸੀ। ਰੁੱਖ ਲਗਾਉਣ ਦੁਆਰਾ, ਪੁਰਖਾ ਸ਼ਾਇਦ ਉਸ ਜ਼ਮੀਨ ਦਾ ਦਾਅਵਾ ਕਰ ਰਿਹਾ ਸੀ ਜਿਸ ਤੇ ਉਸ ਦੀਆਂ ਭੇਡਾਂ ਬੱਕਰੀਆਂ ਅਤੇ ਇੱਜੜ ਚਰਦੇ ਸਨ ਜਿੱਥੇ ਉਸ ਦਾ ਦਲ ਰਹਿੰਦਾ ਸੀ।

ਇਸ ਵਿਆਖਿਆ ਦੀ ਮੁਸ਼ਕਲ ਇਹ ਹੈ ਕਿ ਪੁਰਖੇ ਅਤੇ ਅਬੀਮਲਕ ਵਿਚਕਾਰ ਜੋ ਨੇਮ ਬੰਨ੍ਹਿਆਂ ਗਿਆ ਸੀ ਸਿਰਫ ਇੱਕ ਜੰਗ ਨਾ ਕਰਨ ਦੀ ਸੰਧੀ ਪ੍ਰਤੀਤ ਹੁੰਦੀ ਹੈ ਜਿਸ ਨੇ ਪੁਰਖੇ ਨੂੰ ਉਸ ਦੇਸ ਵਿੱਚ ਇੱਕ ਵਿਦੇਸੀ ("ਪਰਦੇਸੀ"; 21:23) ਦੇ ਰੂਪ ਵਿੱਚ ਸ਼ਾਂਤੀ ਨਾਲ ਰਹਿਣ ਦਿੱਤਾ ਨਾ ਕਿ ਜ਼ਮੀਨ ਦੇ ਮਾਲਕ ਦੇ ਰੂਪ ਵਿੱਚ। ਸ਼ਾਂਤੀ ਦੀ ਸੰਧੀ ਦੀ ਪੁਸ਼ਟੀ ਤੋਂ ਬਾਅਦ ਹੀ, ਰਾਜਾ ਸੌਂਹ ਖਾਣ ਦੇ ਦੁਆਰਾ ਅਚੱਲ ਸੰਪਤੀ ਦੀ ਬਜਾਇ ਜਿਸ ਤੇ ਅਬੀਮਲਕ ਦਾ ਨਿਯੰਤਰਣ ਸੀ ਉਸ ਖੂਹ ਤੇ ਆਪਣੇ ਹੱਕ ਨੂੰ ਛੱਡਣ ਦੇ ਲਈ ਸਹਿਮਤ ਹੋਇਆ ਸੀ ਜੋ ਅਬਰਾਹਾਮ ਦੇ ਆਦਮੀਆਂ ਨੇ ਪੁੱਟਿਆ ਸੀ (21:30, 31)। ਇਸ ਤੋਂ ਇਲਾਵਾ, ਨਵਾਂ ਨੇਮ ਵਰਣਨ ਕਰਦਾ ਹੈ ਕਿ ਪੁਰਖਾ "ਵਾਇਦੇ ਵਾਲੀ ਧਰਤੀ ਵਿੱਚ ਜਾ ਵੱਸਿਆ ਜਿਵੇਂ ਪਰਾਈ ਧਰਤੀ ਤੇ, ਉਸ ਨੇ ਤੰਬੂਆਂ ਵਿੱਚ ਵਾਸ ਕੀਤਾ" (ਇਬਰਾਨੀਆਂ 11:9)। ਇਸਤੀਫ਼ਾਨ ਨੇ ਕਿਹਾ ਕਿ ਅਬਰਾਹਾਮ ਨੂੰ "ਇਹ ਦੇ ਵਿੱਚ ਕੁਝ ਅਧਿਕਾਰ ਸਗੋਂ ਪੈਰ ਰੱਖਣ ਦੀ ਥਾਂ ਵੀ ਨਾ ਮਿਲੀ" (ਰਸੂਲਾਂ ਦੇ ਕਰਤੱਬ 7:5)।[21] ਪਰਤੱਖ ਰੂਪ ਵਿੱਚ, ਖੂਹ ਨੂੰ ਉਸ ਦੇ ਅਧਿਕਾਰ ਸਗੋਂ ਪੈਰ ਰੱਖਣ ਦੀ ਥਾਂ ਵੀ ਨਹੀਂ ਸੀ ਗਿਣਿਆ ਗਿਆ; ਇਸ ਦੇ ਉਲਟ, ਇਹ ਸਿਰਫ ਜ਼ਮੀਨ ਵਿੱਚ ਇੱਕ ਛੇਦ ਸੀ ਜਿਸ ਤੇ ਕੋਈ ਖੜ੍ਹਾ ਵੀ ਨਹੀਂ ਸੀ ਹੋ ਸਕਦਾ।

ਇਹ ਨਵਾਂ ਲਗਾਇਆ ਗਿਆ ਰੁੱਖ ਸ਼ਾਇਦ ਉਨ੍ਹਾਂ ਸੌਂਹਾਂ ਦੀ ਯਾਦਗਾਰ ਦਾ ਕੰਮ ਕਰਦਾ ਸੀ ਜੋ ਦੋਹਾਂ ਆਦਮੀਆਂ ਨੇ ਖੂਹ ਦੀ ਮਾਲਕੀ ਸੰਬੰਧੀ ਉਸ ਥਾਂ ਤੇ ਖਾਧੀਆਂ ਸਨ। ਧੰਨਵਾਦ ਦੇ ਰੂਪ ਵਿੱਚ, ਅਬਰਾਹਾਮ ਨੇ ਸੁਭਾਵਕ ਤੌਰ ਤੇ ਬੰਦਗੀ ਨਾਲ ਜਵਾਬ ਦਿੱਤਾ ਅਤੇ **ਉੱਥੇ ਯਹੋਵਾਹ ਅਟੱਲ ਪਰਮੇਸ਼ੁਰ** (אֵל עוֹלָם, *ਏਲ ਓਲਮ,* "ਅਨਾਦੀ ਪਰਮੇਸ਼ੁਰ") ਦਾ ਨਾਮ ਲਿਆ। ਉਹ

ਜਾਣਦਾ ਸੀ ਕਿ ਯਹੋਵਾਹ – ਪੁਰਾਣਕ ਕਥਾ ਦੇ ਓਪਰੇ ਦਿਓਤਿਆਂ ਤੋਂ ਭਿੰਨ ਜਿਹੜੇ ਮੰਨਿਆ ਜਾਂਦਾ ਹੈ ਕਿ ਪੈਦਾ ਹੋਏ ਸਨ ਅਤੇ ਇਸ ਲਈ ਉਨ੍ਹਾਂ ਦਾ ਮਰਨਾ ਨਿਸ਼ਚਤ ਸੀ – ਅਨਾਦੀ ਪਰਮੇਸ਼ੁਰ ਹੈ ਜਿਸ ਦਾ ਨਾ ਕੋਈ ਆਰੰਭ ਅਤੇ ਨਾ ਹੀ ਕੋਈ ਅੰਤ ਹੈ। ਉਹ *ਏਲ ਸ਼ਦਾਈ* ("ਸਰਬਸ਼ਕਤੀਮਾਨ ਪਰਮੇਸ਼ੁਰ"; 17:1) ਹੈ, ਜਿਸ ਨੇ ਅਬਰਾਹਾਮ ਦੇ ਰਾਹੀਂ ਧਰਤੀ ਦੇ ਸਾਰੇ ਘਰਾਣਿਆਂ ਨੂੰ ਬਰਕਤ ਦੇਣ ਦਾ ਵਾਅਦਾ ਕੀਤਾ ਸੀ ਅਤੇ ਫਿਰ ਉਨ੍ਹਾਂ ਦੇ ਸਭ ਕੁਝ ਮੁਹੱਈਆ ਕੀਤਾ ਅਤੇ ਜਿਵੇਂ-ਜਿਵੇਂ ਸਾਲ ਬੀਤਦੇ ਗਏ ਉਨ੍ਹਾਂ ਨੂੰ ਮੁਸ਼ਕਲ ਅਜਮਾਇਸ਼ਾਂ ਅਤੇ ਖ਼ਤਰਿਆਂ ਤੋਂ ਬਚਾਇਆ ਸੀ। ਯਹੋਵਾਹ ਨੇ ਅਬਰਾਹਾਮ ਅਤੇ ਉਸ ਦੀ ਪਤਨੀ ਨੂੰ ਇੱਕ ਨਵਾਂ ਜੀਵਨ ਦਿੱਤਾ ਸੀ, ਜਦੋਂ ਉਨ੍ਹਾਂ ਦੀਆਂ ਦੇਹੀਆਂ ਕੁਦਰਤੀ ਪ੍ਰਜਨਨ ਦੇ ਲਈ ਮੁਰਦੇ ਵਾਂਗ ਸਨ ਅਤੇ ਹੁਣ ਉਨ੍ਹਾਂ ਦੇ ਕੋਲ ਤੰਦਰੁਸਤ ਪੁੱਤਰ ਇਸਹਾਕ ਸੀ। ਅੰਤ ਵਿੱਚ, ਇਸ ਮੌਕੇ ਤੇ, ਪਰਮੇਸ਼ੁਰ ਨੇ ਅਬੀਮਲਕ ਦੇ ਦਿਲ ਨੂੰ ਛੋਹਿਆ ਅਤੇ ਉਸ ਨੂੰ ਕਨਾਨ ਦੇਸ ਵਿੱਚ ਪਰਦੇਸੀ ਅਬਰਾਹਾਮ ਦੇ ਪ੍ਰਤੀ ਕਿਰਪਾਵਾਨ ਬਣਾਇਆ। ਧੰਨਵਾਦ ਭਰੇ ਦਿਲ ਦੇ ਨਾਲ, ਅਬਰਾਹਾਮ ਨੇ ਯਹੋਵਾਹ, ਅਨਾਦੀ ਪਰਮੇਸ਼ੁਰ ਦੀ ਬੰਦਗੀ ਕੀਤੀ।

**ਆਇਤ 34.** ਬਾਈਬਲ ਦੇ ਲੇਖਕ ਨੇ ਪੁਰਖੇ ਦੇ ਜੀਵਨ ਵਿਚ ਇਸ ਬਿਰਤਾਂਤ ਦਾ ਇਹ ਕਹਿਣ ਦੁਆਰਾ ਸਾਰਾਂਸ਼ ਦਿੱਤਾ ਕਿ **ਅਬਰਾਹਾਮ ਬਹੁਤਿਆਂ ਦਿਨਾਂ ਤੀਕ ਫਲਿਸਤੀਆਂ ਦੇ ਦੇਸ ਵਿੱਚ ਪਰਦੇਸੀ ਹੋਕੇ ਰਿਹਾ**। ਇਸ ਸਮੇਂ "ਫਲਿਸਤੀਆਂ ਦੇ ਦੇਸ" ਦੀ ਪਰਤੱਖ ਰੂਪ ਵਿੱਚ ਕਨਾਨ ਦੇ ਦੇਸ ਦੇ ਦੱਖਣੀ-ਪੱਛਮੀ ਹਿੱਸੇ ਦੀ ਵੱਲ ਨੂੰ ਕੋਈ ਨਿਸ਼ਚਤ ਹੱਦ ਨਹੀਂ ਸੀ। ਇਸ ਤਰ੍ਹਾਂ, ਇੱਕ ਭਾਵ ਵਿੱਚ, ਅਬੀਮਲਕ ਅਤੇ ਫੀਕੋਲ ਬਏਰਸਬਾ ਨੂੰ ਛੱਡ ਗਏ ਅਤੇ "ਫਲਿਸਤੀਆਂ ਦੇ ਦੇਸ ਨੂੰ ਮੁੜ ਆਏ" (21:32)। ਫਿਰ ਵੀ, ਇੱਕ ਭਾਵ ਵਿੱਚ, ਉਹ ਦੇਸ ਜਿੱਥੇ ਅਬਰਾਹਾਮ ਰਹਿੰਦਾ ਸੀ ਉਨ੍ਹਾਂ ਦੇ ਖੇਤਰ ਦਾ ਹਿੱਸਾ ਸੀ; ਉਹ ਕੁਝ ਸਮੇਂ ਲਈ ਫਲਿਸਤੀ ਦੇਸ ਵਿੱਚ ਠਹਿਰਿਆ। "ਰਿਹਾ" (גּוּר, *ਗੁਰ*) ਸ਼ਬਦ ਦਾ ਅਰਥ ਹੈ ਕਿ ਉਹ ਕਨਾਨ ਦੇ ਦੇਸ ਵਿੱਚ "ਅਜਨਬੀ" ਜਾਂ "ਪਰਦੇਸੀ" ਦੇ ਤੌਰ ਤੇ ਰਹਿੰਦਾ ਰਿਹਾ, ਅਰਥਾਤ, ਇਨ੍ਹਾਂ ਆਰੰਭਕ ਫਲਿਸਤੀਆਂ ਦੇ ਬਿਲਕੁਲ ਨੇੜੇ।

# ਪ੍ਰਾਸੰਗਿਕਤਾ

### ਅਬਰਾਹਾਮ, ਮੇਲ ਕਰਾਉਣ ਵਾਲਾ (ਅਧਿਆਇ 20; 21)

ਪਰਮੇਸ਼ੁਰ ਨੇ ਆਪਣੇ ਲੋਕਾਂ ਤੋਂ ਹਮੇਸ਼ਾ ਇਹੋ ਚਾਹਤ ਰੱਖੀ ਹੈ ਕਿ ਉਸ ਦੇ ਲੋਕ "ਮੇਲ ਕਰਾਉਣ" ਵਾਲੇ ਹੋਣ, ਅਤੇ ਯਿਸੂ ਨੇ ਅਜਿਹੇ ਵਿਅਕਤੀਆਂ ਨੂੰ ਬਰਕਤ ਦਿੱਤੀ (ਮੱਤੀ 5:9)। ਇਸ ਦਾ ਅਰਥ ਇਹ ਨਹੀਂ ਹੈ ਕਿ ਸਾਨੂੰ ਕਿਸੇ ਵੀ ਕੀਮਤ ਤੇ ਸ਼ਾਂਤੀ ਨੂੰ ਕਾਇਮ ਰੱਖਣ ਦੀ ਇੱਛਾ ਰੱਖਣੀ ਚਾਹੀਦੀ ਹੈ, ਨਾ ਹੀ ਇਸ ਦਾ ਅਰਥ ਇਹ ਹੈ ਕਿ ਸ਼ਾਂਤੀ ਕਾਇਮ ਰੱਖਣ ਦੇ ਲਈ ਸਾਨੂੰ ਆਪਣੇ ਸਿਧਾਂਤਾਂ ਦੇ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ। ਸਾਨੂੰ ਹਮੇਸ਼ਾ ਦੱਬੂ ਬਣੇ ਰਹਿਣ ਦੀ ਲੋੜ ਨਹੀਂ ਹੈ; ਪਰ ਸਾਨੂੰ ਉਸ ਬੁਰਾਈ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਸਾਡੇ ਜੀਵਨਾਂ ਜਾਂ ਪਰਿਵਾਰ ਨੂੰ ਖਤਰੇ ਵਿਚ ਪਾ ਸਕਦੀ ਹੈ। ਪੌਲੁਸ ਨੇ ਲਿਖਿਆ, ਜੇ ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। ਹੇ ਪਿਆਰਿਓ, "ਕਦੀ ਵੀ" ਆਪਣਾ ਬਦਲਾ "ਲੈਣ" ਦੀ ਕੋਸ਼ਿਸ਼ ਨਾ ਕਰੋ; ਮੇਲ-ਮਿਲਾਪ ਰੱਖਣ ਵਾਲੇ ਲੋਕ ਆਪਣਾ "ਬਦਲਾ" ਪਰਮੇਸ਼ੁਰ ਦੇ ਉੱਤੇ ਛੱਡ ਦਿੰਦੇ ਹਨ (ਰੋਮੀਆਂ 12:18, 19)। ਪ੍ਰਾਚੀਨ ਸਮੇਂ ਤੋਂ, ਜਦੋਂ ਕੋਈ ਵੀ ਸਰਕਾਰੀ ਸੰਸਥਾ ਹੋਂਦ ਵਿਚ ਨਹੀਂ ਸੀ ਜਾਂ ਸਰਕਾਰ ਆਪਣੇ ਲੋਕਾਂ ਦੀ ਰਾਖੀ ਕਰਨ ਅਤੇ ਅਪਰਾਧੀਆਂ ਨੂੰ ਸਜ਼ਾ ਦੇਣ ਤੋਂ ਅਸਮਰੱਥ ਸੀ (ਵੇਖੋ ਰੋਮੀਆਂ 13:1-7), ਪਰਮੇਸ਼ੁਰ ਨੇ ਆਪਣਾ ਬਦਲਾ ਲੈਣ ਦੇ ਲਈ ਸਮੂਹਾਂ

ਅਤੇ ਵਿਅਕਤੀਆਂ ਨੂੰ ਇਸਤੇਮਾਲ ਕੀਤਾ (9:5, 6)।

ਅਬਰਾਹਾਮ ਇੱਕ ਮੇਲ ਕਰਾਉਣ ਵਾਲਾ ਆਦਮੀ ਸੀ, ਭਾਵੇਂ ਹਮੇਸ਼ਾ ਉਸ ਦਾ ਤਰੀਕਾ ਸਹੀ ਨਹੀਂ ਹੁੰਦਾ ਸੀ। ਆਪਣੇ ਆਪ ਨੂੰ ਬਚਾਉਣ ਦੇ ਲਈ, ਉਸ ਨੇ ਘੱਟੋ ਘੱਟ ਦੋ ਮੌਕਿਆਂ ਤੇ ਝੂਠ ਬੋਲਿਆ ਸੀ। ਉਸ ਨੇ ਮਿਸਰ ਦੇ ਵਿਚ ਫ਼ਿਰਾਊਨ ਦੇ ਨਾਲ ਇੱਦਾਂ ਕੀਤਾ (12:10-20) ਅਤੇ ਫਿਰ ਗਰਾਰ ਵਿਚ ਅਬੀਮਲਕ ਦੇ ਨਾਲ ਵੀ ਇੰਝ ਹੀ ਕੀਤਾ (20:1-18)। ਉਹ ਆਪਣੇ ਜੀਵਨ ਨੂੰ ਖਤਰੇ ਵਿਚ ਪਾਉਣ ਦੀ ਬਜਾਇ ਆਪਣੀ ਪਤਨੀ ਨੂੰ ਇਨ੍ਹਾਂ ਦੋਵੇਂ ਬੁੱਤਪ੍ਰਸਤ ਰਾਜਿਆਂ ਦੀ ਲਾਲਸਾ ਦੀ ਬਲੀ ਚੜ੍ਹਾਉਣ ਲਈ ਤਿਆਰ ਸੀ। ਜਿਵੇਂ ਅਸੀਂ ਵੇਖਿਆ ਹੈ, ਕਿ ਅਬਰਾਹਾਮ ਇੱਕ ਅਮੀਰ ਸਰਦਾਰ ਸੀ। ਇੱਥੋਂ ਤੱਕ ਕਿ ਉਸ ਦੇ ਮੁੱਢਲੇ ਸਾਲਾਂ ਵਿਚ, ਉਸ ਦੇ ਕੋਲ 318 ਆਦਮੀਆਂ ਦੀ ਇੱਕ ਨਿੱਜੀ ਸੈਨਾ ਸੀ (14:14), ਅਤੇ ਇਨ੍ਹਾਂ ਸਾਲਾਂ ਦੇ ਦੌਰਾਨ ਉਨ੍ਹਾਂ ਦੀ ਸੰਖਿਆ ਦੁੱਗਣੀ ਹੋ ਚੁੱਕੀ ਹੋਵੇਗੀ। ਇਸ ਲਈ, ਇਹ ਗੱਲ ਸੰਦੇਹਜਨਕ ਹੈ ਕਿ ਜੇਕਰ ਉਸ ਨੇ ਉਨ੍ਹਾਂ ਦੀਆਂ ਬੇਨਤੀਆਂ ਤੋਂ ਇਨਕਾਰ ਕਰ ਦਿੱਤਾ ਹੁੰਦਾ ਤਾਂ ਇਨ੍ਹਾਂ ਸ਼ਾਸਕਾਂ ਵਿਚੋਂ ਕਿਸੇ ਨੇ ਵੀ ਸਾਰਾਹ ਦੇ ਲਈ ਉਸ ਦੇ ਨਾਲ ਯੁੱਧ ਕਰਨ ਦੀ ਇੱਛਾ ਰੱਖਣੀ ਸੀ। ਫਿਰ ਵੀ, ਆਪਣੇ ਆਪ ਨੂੰ ਬਚਾਉਣ ਦੇ ਲਈ ਉਸ ਨੇ ਕਾਇਰਤਾ ਭਰੇ ਦ੍ਰਿਸ਼ਟੀਕੋਣ ਨੂੰ ਅਪਨਾਇਆ ਅਤੇ ਝੂਠ ਬੋਲਿਆ।

ਦੂਜੇ ਪਾਸੇ, ਅਧਿਆਇ 14 ਵਿਚ, ਜਦੋਂ ਪੂਰਬ ਦੇ ਚਾਰ ਰਾਜਿਆਂ ਨੇ ਯਰਦਨ ਦੀ ਘਾਟੀ ਤੇ ਹਮਲਾ ਕੀਤਾ ਤਾਂ ਅਬਰਾਹਾਮ ਨੇ ਹਿੰਮਤ ਵਿਖਾਈ। ਉਹ ਪੰਜ ਰਾਜਿਆਂ ਦੇ ਗੱਠਜੋੜ ਨੂੰ ਹਰਾ ਕੇ ਅਤੇ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਕੇ ਲੈ ਗਏ ਸਨ ਜਿਨ੍ਹਾਂ ਵਿਚ ਲੂਤ ਅਤੇ ਉਸ ਦਾ ਪਰਿਵਾਰ ਵੀ ਸ਼ਾਮਲ ਸੀ। ਇਸ ਸਮੇਂ ਤੱਕ, ਅਬਰਾਹਾਮ ਪਹਿਲਾਂ ਤੋਂ ਹੀ ਤਿੰਨਾਂ ਅਮੋਰੀ ਭਰਾਵਾਂ ਅਤੇ ਉਨ੍ਹਾਂ ਦੇ ਲੋਕਾਂ ਦੇ ਨਾਲ ਰੱਖਿਆਤਮਕ ਗਠਜੋੜ ਨੂੰ ਬਣਾ ਚੁੱਕਿਆ ਸੀ। ਭਾਵੇਂ ਉਨ੍ਹਾਂ ਦੀਆਂ ਸੰਯੁਕਤ ਸੈਨਾਵਾਂ ਵੱਡੀਆਂ ਨਹੀਂ ਸੀ, ਪਰ ਜੇਕਰ ਉਹ ਬੁੱਧੀਮਾਨੀ ਨਾਲ ਯੋਜਨਾ ਬਣਾਉਂਦੇ ਤਾਂ ਉਹ ਜਿੱਤ ਹਾਸਲ ਕਰ ਸਕਦੇ ਸਨ। ਇਸ ਲਈ, ਉਨ੍ਹਾਂ ਨੇ ਰਾਤ ਨੂੰ ਅਚਾਨਕ ਹਮਲਾ ਕੀਤਾ ਅਤੇ ਪੂਰਬੀ ਰਾਜਿਆਂ ਦੀ ਸ਼ਕਤੀਸ਼ਾਲੀ ਫੌਜੀ ਸ਼ਕਤੀ ਨੂੰ ਹਰਾ ਦਿੱਤਾ ਅਤੇ ਕੈਦੀਆਂ ਅਤੇ ਉਨ੍ਹਾਂ ਦੀ ਜਾਇਦਾਦ ਦੋਹਾਂ ਨੂੰ ਮੁੜ ਵਾਪਸ ਲੈ ਲਿਆ। ਇਸ ਮਾਮਲੇ ਵਿਚ, ਅਬਰਾਹਾਮ ਨੂੰ ਲੂਤ, ਉਸ ਦੇ ਪਰਿਵਾਰ ਅਤੇ ਸ਼ਿਕਾਰ ਹੋ ਚੁੱਕੇ ਹੋਰਨਾਂ ਲੋਕਾਂ ਨੂੰ ਬਚਾਉਣ ਦੇ ਲਈ ਯੁੱਧ ਵਿਚ ਜਾਣਾ ਪਿਆ ਸੀ। ਉਹ ਇੱਕ ਨਿਰਣਾਇਕ ਲੜਾਈ ਲੜ ਕੇ ਅਤੇ ਜਿੱਤ ਕੇ ਇੱਕ ਮੇਲ-ਮਿਲਾਪ ਕਰਵਾਉਣ ਵਾਲਾ ਬਣ ਗਿਆ।

ਅਧਿਆਇ 14 ਵਿਚ ਹਥਿਆਰਾਂ ਦੀ ਗੱਲ ਜਾਹਿਰ ਤੌਰ ਤੇ ਨਿਯਮ ਦੇ ਵਿਰੁੱਧ ਇੱਕ ਅਪਵਾਦ ਸੀ। ਅਸੀਂ ਪੁਰਖੇ ਦੇ ਜੀਵਨ ਵਿਚ ਹੋਰ ਕੋਈ ਵੀ ਅਜਿਹੀ ਘਟਨਾ ਨੂੰ ਨਹੀਂ ਪੜ੍ਹਦੇ ਹਾਂ। ਜਦੋਂ ਅਬੀਮਲਕ ਅਤੇ ਫ਼ੀਕੋਲ ਉਸ ਦੇ ਕੋਲ ਆਏ ਅਤੇ ਉਨ੍ਹਾਂ ਨੇ ਅਬਰਾਹਾਮ ਦੇ ਲੋਕਾਂ ਅਤੇ ਫਲਿਸਤੀਆਂ ਦੇ ਵਿਚਕਾਰ ਸ਼ਾਂਤੀ ਦੀ ਗਰੰਟੀ ਦੇਣ ਦੇ ਲਈ ਇੱਕ ਸਮਝੌਤੇ ਦੀ ਮੰਗ ਕੀਤੀ, ਤਾਂ ਪੁਰਖੇ ਨੇ ਇਸ ਦੇ ਲਈ ਜਲਦੀ ਨਾਲ ਸਹਿਮਤੀ ਦੇ ਦਿੱਤੀ। ਉਸ ਨੇ ਸਿਰਫ ਇੱਕ ਛੂਟ ਦੀ ਮੰਗ ਕੀਤੀ, ਕਿ ਉਹ ਉਸ ਖੂਹ ਨੂੰ ਵਾਪਸ ਕਰ ਦੇਵੇ ਜੋ ਉਸ ਦੇ ਲੋਕਾਂ ਨੇ ਪੁੱਟਿਆ ਸੀ; ਤਾਂ ਰਾਜਾ ਇਸ ਦੇ ਲਈ ਮੰਨ ਗਿਆ। ਅਬੀਮਲਕ ਦੁਆਰਾ ਅਬਰਾਹਾਮ ਦੇ ਨਾਲ ਇਸ ਤਰ੍ਹਾਂ ਦੀ ਸੰਧੀ ਦਾ ਪ੍ਰਸਤਾਵ ਅਸਧਾਰਣ ਸੀ ਕਿਉਂਕਿ ਇਸ ਤੋਂ ਪਤਾ ਲੱਗਦਾ ਹੈ ਕਿ ਉਹ ਅਬਰਾਹਾਮ ਅਤੇ ਉਸ ਦੇ ਪਰਿਵਾਰ ਦੀ ਵੱਧਦੀ ਹੋਈ ਤਾਕਤ ਤੋਂ ਡਰਦਾ ਸੀ ਅਤੇ ਇਸ ਗੱਲ ਨੂੰ ਮੰਨਦਾ ਸੀ ਕਿ ਪੁਰਖਾ ਜੋ ਕੁਝ ਵੀ ਕਰਦਾ ਹੈ ਉਸ ਸਭ ਦੇ ਵਿਚ ਪਰਮੇਸ਼ੁਰ ਉਸ ਦੇ ਨਾਲ ਸੀ (21:22)।

ਅਬਰਾਹਾਮ ਨੇ ਇਸ ਮੂਰਤੀਪੂਜਕ ਦੇ ਰਾਜੇ ਨਾਲ ਸ਼ਾਂਤੀ ਦਾ ਨੇਮ ਬਣਾ ਕੇ ਆਪਣੀ ਨਿਹਚਾ ਦੇ ਨਾਲ ਕੋਈ ਸਮਝੌਤਾ ਨਹੀਂ ਕੀਤਾ ਸੀ, ਜਿਵੇਂ ਬਾਅਦ ਦੇ ਇਸਰਾਈਲ ਅਤੇ ਯਹੂਦਾਹ

ਦੇ ਕੁਝ ਰਾਜਿਆਂ ਨੇ ਕੀਤਾ ਸੀ। ਇਸ ਦੇ ਉਲਟ, ਜਦੋਂ ਅਬੀਮਲਕ ਅਤੇ ਪੁਰਖੇ ਨੇ ਆਪਣੀ ਸੰਧੀ ਪੂਰੀ ਕਰ ਲਈ, ਤਾਂ ਉਸ ਨੇ ਯਹੋਵਾਹ, "ਅਟੱਲ ਪਰਮੇਸ਼ੁਰ" ਦੀ ਉਪਾਸਨਾ ਕੀਤੀ (21:33)। ਗੈਰ-ਹਮਲੇ ਦੀ ਸੰਧੀ (ਸ਼ਾਂਤੀ ਸੰਧੀ) ਅਤੇ ਸੱਚੇ ਪਰਮੇਸ਼ੁਰ ਦੀ ਉਪਾਸਨਾ ਤੋਂ ਪਤਾ ਲੱਗਦਾ ਹੈ ਕਿ ਯਹੋਵਾਹ ਅਬਰਾਹਾਮ ਨੂੰ ਮੇਲ-ਮਿਲਾਪ ਕਰਵਾਉਣ ਵਾਲੇ ਦੇ ਰੂਪ ਵਿਚ ਬਰਕਤ ਦੇ ਰਿਹਾ ਸੀ।

"ਯਿਸੂ ਸ਼ਾਂਤੀ ਦੇ ਰਾਜਕੁਮਾਰ" ਦੇ ਰੂਪ ਵਿਚ ਇਸ ਦੁਨੀਆਂ ਦੇ ਵਿਚ ਆਇਆ (ਯਸਾਯਾਹ 9:6), ਅਤੇ ਉਸ ਦੇ ਜਨਮ ਤੇ ਇੱਕ ਸਵਰਗਦੂਤ ਨੇ ਘੋਸ਼ਣਾ ਕੀਤੀ, ". . . ਸ਼ਾਂਤੀ . . . ਪਰਸਿੰਨ ਹੈ" (ਲੂਕਾ 2:14)। ਮਸੀਹ ਦੀ ਸ਼ਾਂਤੀ ਫ਼ੌਜਾਂ ਦੇ ਦੁਆਰਾ ਪਰਾਪਤ ਨਹੀਂ ਕੀਤੀ ਗਈ ਸੀ ਜਿਸ ਵਿਚ ਲੋਕਾਂ ਨੂੰ ਨਾਸ ਕਰਨਾ, ਮਾਰਨਾ, ਗੁਲਾਮ ਬਣਾਉਣਾ ਸ਼ਾਮਲ ਹੁੰਦਾ ਹੈ। ਜਦੋਂ ਯਿਸੂ ਯਰੂਸ਼ਲਮ ਵਿਚ ਆਪਣੇ ਸੇਵਕਾਈ ਦੇ ਆਖਰੀ ਹਫ਼ਤੇ ਨੂੰ ਸ਼ੁਰੂ ਕਰਨ ਦੇ ਲਈ ਯਰੂਸ਼ਲਮ ਵਿਚ ਦਾਖਲ ਹੋਇਆ, ਤਾਂ ਉਹ ਕਿਸੇ ਜੰਗੀ ਘੋੜੇ ਜਾਂ ਇੱਕ ਫ਼ੌਜੀ ਰਥ ਤੇ ਸਵਾਰ ਨਹੀਂ ਸੀ, ਪਰ ਉਹ ਇੱਕ ਗਧੇ ਉੱਤੇ, ਭਾਰ ਢੋਣ ਵਾਲੇ ਜਾਨਵਰ ਤੇ ਸਵਾਰ ਸੀ। ਉਸ ਨੇ ਜ਼ਕਰਯਾਹ 9:9, 10 ਆਇਤ ਨੂੰ ਪੂਰਾ ਕਰਨ ਦੇ ਲਈ ਇਹ ਕੀਤਾ ਸੀ, ਜੋ ਇਹ ਕਹਿੰਦੀ ਹੈ ਕਿ ਉਹ "ਧਣੁਖ," "ਘੋੜੇ," ਅਤੇ "ਰਥ," "ਯਰੂਸ਼ਲਮ" ਤੋਂ ਕੱਟ ਦੇਵੇਗਾ, ਅਤੇ "ਕੌਮਾਂ [ਗੈਰ ਕੌਮਾਂ] ਦੇ ਲਈ ਸ਼ਾਂਤੀ ਦੀਆਂ ਗੱਲਾਂ ਕਰੇਗਾ।" ਇਹ ਉਹ ਮਸੀਹਾ (ਰਾਜਾ) ਨਹੀਂ ਸੀ ਜਿਸ ਨੂੰ ਯਹੂਦੀ ਚਾਹੁੰਦੇ ਸਨ ਜਾਂ ਜਿਸ ਦੀ ਉਮੀਦ ਰੋਮੀ ਰੱਖਦੇ ਸਨ (ਯੂਹੰਨਾ 18:33-38)। ਯਿਸੂ ਨੇ ਲੋਕਾਂ ਨੂੰ ਬਾਹਰ ਜਾ ਕੇ ਤਲਵਾਰ ਦੇ ਨਾਲ ਉਸ ਦੇ ਰਾਜ ਦਾ ਪ੍ਰਚਾਰ ਕਰਨ ਤੋਂ ਮਨਾ ਕਰ ਦਿੱਤਾ (ਮੱਤੀ 26:52)।

ਯਿਸੂ ਆਪਣੇ ਦੁਸ਼ਮਣਾਂ ਦਾ ਨਾਸ ਕਰਨ ਦੇ ਲਈ ਨਹੀਂ ਆਇਆ, ਪਰ ਉਨ੍ਹਾਂ ਨੂੰ "ਭਾਲਣ ਅਤੇ ਬਚਾਉਣ" ਲਈ ਆਇਆ ਸੀ (ਲੂਕਾ 19:10)। ਉਸ ਨੇ ਆਪਣੀ ਇੱਛਾ ਦੇ ਨਾਲ ਉਨ੍ਹਾਂ ਦੇ ਪਾਪਾਂ ਦੇ ਲਈ ਮਰ ਕੇ ਉਨ੍ਹਾਂ ਦੇ ਦਿਲਾਂ ਨੂੰ ਪਿਘਲਾਉਣ ਦੇ ਦੁਆਰਾ ਅਜਿਹਾ ਕੀਤਾ (ਯੂਹੰਨਾ 1:29; 3:16)। ਇਹ ਸਲੀਬ ਦੀ ਖਿੱਚਣ ਵਾਲੀ ਸ਼ਕਤੀ ਹੈ, ਸਲੀਬ ਦਿੱਤੇ ਗਏ ਮੁਕਤੀਦਾਤੇ ਦੇ ਰਾਹੀਂ ਨਵੇਂ ਅਤੇ ਅਦਭੁੱਤ ਤਰੀਕੇ ਦੇ ਨਾਲ ਸ਼ਕਤੀ ਫੈਲਾ ਦਿੱਤੀ ਗਈ (ਯੂਹੰਨਾ 12:31-33)।

ਹਾਲਾਂਕਿ, ਸਲੀਬ ਆਪਣੇ ਆਪ ਵਿਚ ਇੱਕ ਅੰਤ ਨਹੀਂ ਸੀ; ਪਰ, ਇਹ ਮੌਤ ਦਾ ਅੰਤ ਕਰਨ ਦਾ ਇੱਕ ਸਾਧਨ ਸੀ। ਮਰਨ ਦੇ ਦੁਆਰਾ, ਯਿਸੂ ਨੇ ਵਿਖਾਇਆ ਕਿ ਮੌਤ ਅੰਤ ਨਹੀਂ ਹੈ। ਜੀਵਨ ਦੇ ਲਈ ਉਸ ਦੇ ਸ਼ਾਨਦਾਰ ਤਰੀਕੇ ਦੇ ਨਾਲ ਜੀ ਉੱਠਣ ਨੇ ਨਵੇਂ ਯੁੱਗ ਦੀ, ਮਸੀਹ ਦੇ ਸ਼ਾਂਤੀ ਦੇ ਰਾਜ ਦੀ ਸ਼ੁਰੂਆਤ ਕੀਤੀ। ਮਹਾਨ ਹੁਕਮ ਦਾ ਸੰਦੇਸ਼ ਯਿਸੂ ਮਸੀਹ ਦੇ ਰਾਹੀਂ ਸ਼ਾਂਤੀ ਦਾ ਸੰਦੇਸ਼ ਹੈ (ਰਸੂਲਾਂ ਦੇ ਕਰਤੱਬ 10:36-43)। ਉਹ ਲੋਕ ਜੋ ਆਪਣੇ ਆਪ ਦੇ ਨਾਲ, ਆਪਣੇ ਗੁਆਂਢੀਆਂ ਨਾਲ, ਦੁਸ਼ਮਣਾਂ ਨਾਲ, ਜਾਂ ਪਰਮੇਸ਼ੁਰ ਦੇ ਨਾਲ ਯੁੱਧ ਕਰ ਰਹੇ ਹਨ, ਉਨ੍ਹਾਂ ਦੇ ਕੋਲ ਇੱਕ ਮੁਕਤੀਦਾਤਾ ਹੈ ਜੋ ਆਪ ਸਾਡੀ ਸ਼ਾਂਤੀ ਹੈ (ਅਫ਼ਸੀਆਂ 2:13-18)। ਉਹ ਉਹ ਸ਼ਾਂਤੀ ਲਿਆਉਂਦਾ ਹੈ ਜੋ ਸਾਰੀ ਸਮਝ ਤੋਂ ਪਰੇ ਹੈ (ਫ਼ਿਲਿੱਪੀਆਂ 4:7)। ਉਹ ਸ਼ਾਂਤੀ ਜਿਸ ਦਾ ਅਨੁਭਵ ਅਬਰਾਹਾਮ ਅਤੇ ਹੋਰਨਾਂ ਨੇ ਬੀਤੇ ਯੁੱਗਾਂ ਦੇ ਵਿਚ ਕੀਤਾ ਸੀ ਉਹ ਸਿਰਫ ਉਸ ਅਸਲ ਸ਼ਾਂਤੀ ਦੇ ਵਿਸ਼ੇ ਵਿਚ ਇੱਕ ਪੂਰਵ ਕਲਪਨਾ ਸੀ ਜੋ ਯਿਸੂ – ਜੋ ਪੁਰਖੇ ਦਾ ਵਾਇਦਾ ਕੀਤਾ ਹੋਇਆ "ਬੀਜ" (ਅੰਸ) (ਗਲਾਤੀਆਂ 3:8, 16, 26-29) – ਹੁਣ ਅਤੇ ਸਦਾ ਦੇ ਲਈ ਆਪਣੀ ਸਾਰੀ ਆਤਮਿਕ ਸੰਤਾਨ ਦੇ ਲਈ ਸਭ ਕੁਝ ਮੁਹੱਈਆ ਕਰਦਾ ਹੈ।

**ਇਸਹਾਕ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਦੀਆਂ ਪ੍ਰਤਿਕਿਰਿਆਵਾਂ (21:8-19)**

ਈਰਖਾ, ਮਖੌਲ, ਗੁੱਸਾ, ਦੁੱਖ, ਨਿਰਾਸ਼ਾ ਅਤੇ ਆਸ਼ਾ: ਇਸਹਾਕ ਦੇ ਜਨਮ ਤੋਂ ਪਿੱਛੋਂ

ਅਬਰਾਹਾਮ ਦੇ ਪਰਿਵਾਰ ਦੀਆਂ ਵੱਖ ਪ੍ਰਤਿਕਿਰਿਆਵਾਂ ਸਨ। ਜਦੋਂ ਉਹ ਵੱਧ ਰਿਹਾ ਸੀ ਤਾਂ ਇਸਮਾਏਲ ਨੇ ਵਾਇਦੇ ਦੀ ਸੰਤਾਨ ਦੇ ਪ੍ਰਤੀ ਨਾਕਾਰਾਤਮਕ ਰਵੱਈਆ ਵਿਖਾਇਆ।

*ਇਸਮਾਏਲ ਦੀ ਪ੍ਰਤਿਕਿਰਿਆ: ਈਰਖਾ ਅਤੇ ਠੱਠਾ* (21:8, 9)। ਇਸਮਾਏਲ ਦੀ ਈਰਖਾ ਦੀ ਪ੍ਰਤਿਕਿਰਿਆ ਸ਼ਾਇਦ ਉਸ ਦੀ ਮਾਂ, ਹਾਜਰਾ, ਦੇ ਦੁਆਰਾ ਉਤਸਾਹਿਤ ਕੀਤੀ ਗਈ ਸੀ, ਜੋ ਸਾਲਾਂ ਤੋਂ ਆਪਣੀ ਮਾਲਕਣ ਦੇ ਨਾਲ ਈਰਖਾ ਕਰਦੀ ਆ ਰਹੀ ਸੀ। ਜਦੋਂ ਸਾਰਾਹ ਵਾਇਦੇ ਦੇ ਬੱਚੇ ਦੀ ਮਾਂ ਬਣ ਗਈ ਤਾਂ ਇਹ ਤਨਾਅ ਹੋਰ ਵੀ ਵੱਧ ਗਿਆ। ਆਖਿਰਕਾਰ, ਉਹ ਬੱਚਾ ਉਸ ਵਿਰਾਸਤ ਨੂੰ ਹਾਸਲ ਕਰਨ ਦੇ ਲਈ ਨਿਯੁਕਤ ਕੀਤਾ ਗਿਆ ਸੀ ਜੋ ਇਸਮਾਏਲ ਦੀ ਹੋਣੀ ਸੀ ਜੇਕਰ ਉਹ ਅਬਰਾਹਾਮ ਦਾ ਇਕਲੌਤਾ ਵਾਰਸ ਹੁੰਦਾ, ਭਾਵੇਂ ਉਹ ਇੱਕ ਗੋਲੀ ਦਾ ਪੁੱਤਰ ਹੀ ਸੀ। ਇਸਮਾਏਲ ਕਿੰਨਾ ਹੰਕਾਰੀ ਸੀ, ਕਿ ਇੱਕ ਸੋਲਾਂ-ਸਤਾਰਾਂ ਸਾਲਾਂ ਦਾ ਮੁੰਡਾ ਹੋ ਕੇ, ਉਹ ਇੱਕ ਅਜਿਹੇ ਬੱਚੇ ਨੂੰ ਡਰਾਵੇ ਅਤੇ ਤਸੀਹੇ ਦੇਵੇ ਜੋ ਸਿਰਫ ਤਿੰਨਾਂ ਸਾਲਾਂ ਦਾ ਹੀ ਸੀ! ਪਰਮੇਸ਼ੁਰ ਨੇ ਭਵਿੱਖਵਾਣੀ ਕੀਤੀ ਕਿ ਇਸਮਾਏਲ “ਜੰਗਲੀ ਖੋਤੇ ਜਿਹਾ ਆਦਮੀ ਹੋਵੇਗਾ” (16:12) ਜਿਸ ਦਾ ਹੱਥ ਹਰ ਇੱਕ ਦੇ ਵਿਰੁੱਧ ਅਤੇ ਹਰ ਇੱਕ ਦਾ ਹੱਥ ਉਸ ਦੇ ਵਿਰੁੱਧ ਹੋਵੇਗਾ, ਅਤੇ ਇੱਕ ਕਿਸ਼ੋਰ ਦੇ ਰੂਪ ਵਿਚ ਉਸ ਨੇ ਪਹਿਲਾਂ ਤੋਂ ਹੀ ਇਸ ਗੁਣ ਨੂੰ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ।

ਛੋਟੇ ਇਸਹਾਕ ਦੇ ਪ੍ਰਤਿ ਇਸਮਾਏਲ ਦੀ ਪ੍ਰਤਿਕਿਰਿਆ ਉਸ ਮੂਲ ਸੰਘਰਸ਼ ਨੂੰ ਦਰਸਾਉਂਦੀ ਹੈ ਜੋ ਸਰੀਰ ਦੇ ਕੰਮਾਂ ਅਤੇ ਆਤਮਾ ਦੇ ਫਲ ਦੇ ਵਿਚਕਾਰ ਮੌਜੂਦ ਹੁੰਦਾ ਹੈ। ਉਹੀ ਸੰਘਰਸ਼ ਦੇ ਸਿੱਟੇ ਵਜੋਂ ਆਪਣੇ ਭਰਾ ਦੇ ਪ੍ਰਤੀ ਕਾਇਨ ਦੀ ਈਰਖਾ ਇੰਨੀ ਵੱਧ ਗਈ ਕਿ ਉਸ ਨੇ ਉਸ ਦੇ ਕੋਲੋਂ ਉਸ ਦੇ ਭਰਾ ਦਾ ਕਤਲ ਕਰਵਾ ਦਿੱਤਾ (4:3-8)। ਬਾਅਦ ਵਿਚ ਪੌਲੁਸ ਨੇ ਅਜਿਹੇ ਮਾਸ ਦੇ ਕੰਮਾਂ ਦੀ ਅਜਿਹੀ ਸ੍ਰੇਸ਼ਠ ਸੂਚੀ ਦਿੱਤੀ, ਜਿਨ੍ਹਾਂ ਵਿਚ ਈਰਖਾ ਅਤੇ ਸਾੜਾ ਅੰਦਰੂਨੀ ਰੂਚੀਆਂ ਵੀ ਸ਼ਾਮਲ ਹਨ, ਜਿਸ ਕਾਰਣ ਅਕਸਰ ਝਗੜੇ ਹੁੰਦੇ ਹਨ (ਗਲਾਤੀਆਂ 5:19-21)। ਰਸੂਲ ਦੇ ਨਿਰਣੇ ਦਾ ਕਾਰਣ ਇਹ ਹੈ ਕਿ ਜੇਕਰ ਇਸ ਪ੍ਰਕਾਰ ਦਾ ਰਵੱਈਆ ਅਨਿਯੰਤਰਿਤ ਛੱਡਿਆ ਜਾਵੇ, ਤਾਂ ਹਮੇਸ਼ਾ ਮਨੁੱਖੀ ਰਿਸ਼ਤਿਆਂ ਦੇ ਲਈ ਵਿਨਾਸ਼ਕਾਰੀ ਹੁੰਦਾ ਹੈ।

ਯਾਕੂਬ ਦੀ ਪਤਨੀ ਰਾਖੇਲ ਬਾਂਝ ਸੀ ਇਸ ਕਾਰਣ ਉਹ ਲੇਆਹ ਨਾਲ ਖੁਣਸ ਕਰਦੀ ਸੀ, ਜੋ ਉਸ ਦੇ ਲਈ ਬੱਚਿਆਂ ਨੂੰ ਪੈਦਾ ਕਰਨ ਦੇ ਯੋਗ ਸੀ। ਜਦੋਂ ਰਾਖੇਲ ਨੇ ਆਪਣੇ ਬੱਚਾ ਪੈਦਾ ਨਾ ਕਰ ਸਕਣ ਦੇ ਲਈ ਯਾਕੂਬ ਨੂੰ ਦੋਸ਼ੀ ਠਹਿਰਾਇਆ ਤਾਂ, ਉਹ ਦਾ ਕਰੋਧ ਉਸ ਉੱਤੇ ਭੜਕਿਆ ਅਤੇ ਉਸ ਨੇ ਕਿਹਾ, “ਕੀ ਮੈਂ ਪਰਮੇਸ਼ੁਰ ਦੀ ਥਾਂ ਹਾਂ ਜਿਸ ਤੇਰੀ ਕੁੱਖ ਨੂੰ ਫਲ ਤੋਂ ਰੋਕਿਆ ਹੈ?” (30:2)। ਜਦੋਂ ਯੂਸੁਫ਼ ਦੇ ਭਰਾ ਆਪਣੇ ਪਿਤਾ ਦੇ ਲਾਡਲੇ ਪੁੱਤਰ ਦੇ ਮਾਣ ਨੂੰ ਸਹਿ ਨਾ ਸਕੇ, ਤਾਂ ਉਨ੍ਹਾਂ ਦੀ ਨਰਾਜ਼ਗੀ ਕ੍ਰੋਧ ਵਿਚ ਬਦਲ ਗਈ ਅਤੇ ਇਹ ਖਤਰਾ ਪੈਦਾ ਹੋ ਗਿਆ ਕਿ ਉਹ ਯੂਸੁਫ਼ ਨੂੰ ਕਤਲ ਕਰ ਦੇਣਗੇ।

ਈਰਖਾ ਅਤੇ ਜਲਣ, ਜੋ ਝਗੜਾ ਨੂੰ ਪੈਦਾ ਕਰਦੇ ਅਤੇ ਦਿਲ ਨੂੰ ਦੁਖਾਉਂਦੇ ਹਨ, ਉਹ ਸਿਰਫ ਵਿਆਹਾਂ ਅਤੇ ਪਰਿਵਾਰਾਂ ਵਿਚ ਹੀ ਨਹੀਂ, ਪਰ ਜੀਵਨ ਦੇ ਹੋਰਨਾਂ ਹਿੱਸਿਆਂ ਵਿਚ ਵੀ ਵਿਨਾਸ਼ਕਾਰੀ ਹੁੰਦੇ ਹਨ। ਇਸ ਤਰ੍ਹਾਂ ਦੇ ਵਿਹਾਰਾਂ ਨੇ ਯਹੂਦੀ ਆਗੂਆਂ ਨੂੰ ਯਿਸੂ ਦੀ ਨਿੰਦਾ ਕਰਨ ਦੇ ਲਈ ਉਕਸਾਇਆ ਸੀ (ਮੱਤੀ 27:18; ਮਰਕੁਸ 15:10), ਅਤੇ ਉਨ੍ਹਾਂ ਨੇ ਮਤਭੇਦਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਮੁੱਢਲੀਆਂ ਕਲੀਸਿਆਵਾਂ ਦੀਆਂ ਆਤਮਿਕ ਜ਼ਿੰਦਗੀਆਂ ਨੂੰ ਧਮਕਾਇਆ (ਵੇਖੋ 1 ਕੁਰਿੰਥੀਆਂ 3:3; 13:4; ਗਲਾਤੀਆਂ 5:26: ਫਿਲਿੱਪੀਆਂ 1:15; 2:3; ਯਾਕੂਬ 3:14-16; 1 ਪਤਰਸ 2:1, 2)। ਪਰਮੇਸ਼ੁਰ ਦੇ ਲੋਕਾਂ ਨੂੰ ਹਮੇਸ਼ਾ ਅਜਿਹੇ ਘਾਤਕ ਪ੍ਰਭਾਵਾਂ ਤੋਂ ਚੌਕਸ ਰਹਿਣਾ ਚਾਹੀਦਾ ਹੈ।

*ਸਾਰਾਹ ਦੀ ਪ੍ਰਤਿਕਿਰਿਆ: ਗੁੱਸਾ ਅਤੇ ਦੁਸ਼ਮਣੀ* (21:10)। ਸਾਰਾਹ ਦੀ ਪ੍ਰਤਿਕਿਰਿਆ

ਉਸ ਸਮੇਂ ਭੜਕ ਉੱਠੀ ਜਦੋਂ ਉਸ ਨੇ ਇਸਮਾਏਲ ਨੂੰ ਇਸਹਾਕ ਦਾ ਮਖ਼ੌਲ ਉਡਾਉਂਦੇ[22] ਅਤੇ ਉਸ ਨੂੰ ਤਾਨੇ ਮਾਰਦੇ ਹੋਏ ਸੁਣਿਆ। ਉਸ ਨੇ ਉਸ ਕਿਸ਼ੋਰ ਦੇ ਸ਼ਬਦਾਂ ਅਤੇ ਕਿਰਿਆਵਾਂ ਨੂੰ ਖਤਰਨਾਕ ਅਤੇ ਆਪਣੇ ਪੁੱਤਰ ਦੇ ਭਵਿੱਖ ਵਿਚ ਹੋਣ ਵਾਲੇ ਨੁਕਸਾਨ ਦਾ ਸੰਕੇਤ ਸਮਝਿਆ। ਇਸ ਮੁਲਾਂਕਣ ਵਿਚ ਸਾਰਾਹ ਦਾ ਗੁੱਸਾ ਜਾਇਜ਼ ਹੋ ਸਕਦਾ ਹੈ, ਉਸ ਨੇ ਆਪਣੇ ਪਤੀ ਨੂੰ ਕਿਹਾ, "ਏਸ ਗੋੱਲੀ ਅਰ ਇਹ ਦੇ ਪੁੱਤ੍ਰ ਨੂੰ ਕੱਢ ਛੱਡ ਕਿਉਂਜੋ ਏਸ ਗੋੱਲੀ ਦਾ ਪੁੱਤ੍ਰ ਮੇਰੇ ਪੁੱਤ੍ਰ ਇਸਹਾਕ ਦੇ ਨਾਲ ਵਾਰਸ ਨਹੀਂ ਹੋਵੇਗਾ" (21:10)। ਇਹ ਮੰਗ ਕਰਨ ਵਿਚ ਸਾਰਾਹ ਨੂੰ ਧਰਮੀ ਠਹਿਰਾਇਆ ਜਾ ਸਕਦਾ ਹੈ ਕਿ ਆਪਣੇ ਪੁੱਤਰ ਇਸਹਾਕ ਦੀ ਸੁਰੱਖਿਆ ਦੇ ਲਈ ਉਸ ਦਾ ਪਤੀ ਆਪਣੀ ਗੋੱਲੀ-ਪਤਨੀ ਨੂੰ ਅਤੇ ਉਸ ਦੇ ਪੁੱਤਰ ਨੂੰ "ਕੱਢ ਦੇਵੇ" (ਤਲਾਕ) ਦੇ ਦੇਵੇ। ਹਾਲਾਂਕਿ, ਅਜਿਹਾ ਜਾਪਦਾ ਹੈ ਕਿ ਉਸ ਨੇ ਸਾਲਾਂ ਤੋਂ ਹਾਜਰਾ ਅਤੇ ਇਸਮਾਏਲ ਦੇ ਪ੍ਰਤਿ ਵੈਰ ਦੀ ਭਾਵਨਾ ਨੂੰ ਪਾਲਿਆ ਹੋਇਆ ਸੀ ਅਤੇ ਇਸ ਮੌਕੇ ਦਾ ਫਾਇਦਾ ਚੁੱਕ ਕੇ ਉਸ ਨੇ ਉਨ੍ਹਾਂ ਦੋਵਾਂ ਤੋਂ ਛੁਟਕਾਰਾ ਪਾ ਲਿਆ ਸੀ।

*ਅਬਰਾਹਾਮ ਦੀ ਪ੍ਰਤਿਕਿਰਿਆ: ਦੁੱਖ ਅਤੇ ਸੋਗ* (21:11-14)। ਇਸਮਾਏਲ ਦੇ ਪ੍ਰਤਿ, ਜੋ ਉਸ ਦਾ ਪਹਿਲੌਠਾ ਪੁੱਤਰ ਸੀ ਪ੍ਰੇਮ ਦੇ ਕਾਰਣ, ਅਬਰਾਹਾਮ ਨੇ ਦੁੱਖ ਅਤੇ (21:11) ਸੋਗ ਦੇ ਨਾਲ ਸਾਰਾਹ ਦੀ ਮੰਗ ਨੂੰ ਪੂਰਾ ਕੀਤਾ। ਬੇਸ਼ੱਕ, ਉਹ ਦੋਵਾਂ ਇਸਤਰੀਆਂ ਦੇ ਵਿਚਕਾਰ ਮੌਜੂਦ ਅਸਹਿਜ ਵਿਵਾਦ ਨੂੰ ਜਾਣਦਾ ਸੀ। ਪਰ, ਹੁਣ ਉਸ ਨੂੰ ਇਹ ਗੱਲ ਸਮਝ ਆ ਚੁੱਕੀ ਸੀ ਕਿ ਜੇਕਰ ਉਹ ਇਨ੍ਹਾਂ ਦੋਵਾਂ ਵਿਰੋਧੀ ਇਸਤਰੀਆਂ ਜਾਂ ਉਨ੍ਹਾਂ ਦੇ ਪੁੱਤਰਾਂ ਨੂੰ ਇਕੱਠੇ ਰਹਿਣ ਦੇ ਲਈ ਮਜਬੂਰ ਕਰੇ ਤਾਂ ਉਸ ਦੇ ਵਿਆਹ ਜਾਂ ਘਰ ਵਿਚ ਕਦੀ ਵੀ ਸ਼ਾਂਤੀ ਨਹੀਂ ਰਹਿ ਸਕਦੀ ਹੈ। ਪਰਮੇਸ਼ੁਰ ਨੇ ਪੁਰਖੇ ਦੇ ਲਈ ਇਸ ਗੱਲ ਦੀ ਪੁਸ਼ਟੀ ਕੀਤੀ ਜਦੋਂ ਉਸ ਨੇ ਕਿਹਾ, "ਏਹ ਗੱਲ ਏਸ ਮੁੰਡੇ ਅਤੇ ਤੇਰੀ ਗੋੱਲੀ ਦੇ ਵਿਖੇ ਤੇਰੀ ਨਿਗਾਹ ਵਿੱਚ ਬੁਰੀ ਨਾ ਲੱਗੇ। ਜੋ ਕੁਝ ਸਾਰਾਹ ਨੇ ਤੈਨੂੰ ਆਖਿਆ ਹੈ ਤੂੰ ਉਹ ਦੀ ਅਵਾਜ਼ ਸੁਣ ਕਿਉਂਜੋ ਤੇਰੀ ਅੰਸ ਇਸਹਾਕ ਤੋਂ ਹੀ ਪੁਕਾਰੀ ਜਾਵੇਗੀ" (21:12)। ਫਿਰ ਦੁਬਾਰਾ ਪ੍ਰਭੂ ਨੇ ਅਬਰਾਹਾਮ ਨੂੰ ਯਕੀਨ ਦੁਆਇਆ ਕਿ ਮੈਂ ਇਸਮਾਏਲ ਨੂੰ ਬਰਕਤ ਦੇ ਕੇ "ਇੱਕ ਕੌਮ ਬਣਾਵਾਂਗਾ, ਕਿਉਂਕਿ ਉਹ ਵੀ ਤੇਰੀ ਅੰਸ ਹੈ" (21:13)।

ਇਸ ਰੱਬੀ ਹੁਕਮ ਅਤੇ ਵਾਇਦੇ ਦੇ ਦੁਆਰਾ ਸਾਨੂੰ ਅਬਰਾਹਾਮ ਦੇ ਬਾਅਦ ਦੇ ਕੰਮਾਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਉਸ ਸਮੇਂ ਉਹ ਬੇਵਕੂਫ਼ ਜਾਂ ਕਠੋਰ ਨਹੀਂ ਸੀ ਜਦੋਂ ਉਸ ਨੇ ਹਾਜਰਾ ਅਤੇ ਇਸਮਾਏਲ ਨੂੰ ਇੱਕ ਦਿਨ ਦੀ ਪੂਰਤੀ ਤੋਂ ਵੀ ਘੱਟ ਰੋਟੀ ਅਤੇ ਪਾਣੀ ਦੇ ਕੇ ਉਜਾੜ ਵੱਲ ਘੱਲ ਦਿੱਤਾ ਸੀ। ਉਸ ਨੇ ਆਪਣੇ ਤਜ਼ਰਬੇ ਤੋਂ ਸਿੱਖਿਆ ਸੀ ਕਿ ਪਰਮੇਸ਼ੁਰ ਆਪਣੇ ਵਾਇਦਿਆਂ ਦੇ ਪ੍ਰਤਿ ਵਫ਼ਾਦਾਰ ਹੈ। ਯਕੀਨੀ ਤੌਰ ਤੇ ਉਸ ਨੇ ਯਾਦ ਕੀਤਾ ਕਿ ਪਹਿਲੀ ਵਾਰ ਜਦੋਂ ਹਾਜਰਾ ਜੰਗਲ ਵਿਚ ਭੱਜ ਗਈ ਸੀ, "ਯਹੋਵਾਹ ਦੇ ਦੂਤ" ਨੇ ਉਸ ਨੂੰ ਕਿਹਾ ਸੀ ਕਿ ਉਹ ਆਪਣੀ ਮਾਲਕਣ ਦੇ ਕੋਲ ਵਾਪਸ ਚਲੀ ਜਾਵੇ। ਉਸ ਨੇ ਇਸ ਗੱਲ ਦਾ ਵੀ ਖੁਲਾਸਾ ਕੀਤਾ ਕਿ ਉਸ ਦੇ ਇੱਕ ਪੁੱਤਰ ਅਤੇ ਬਹੁਤ ਸਾਰੀ ਅੰਸ ਹੋਵੇਗੀ (16:7-14)। ਇਸ ਤੋਂ ਇਲਾਵਾ, ਪ੍ਰਭੂ ਨੇ ਵਾਇਦਾ ਕੀਤਾ ਕਿ ਉਹ ਇਸਮਾਏਲ ਨੂੰ ਬਰਕਤ ਦੇਵੇਗਾ, ਉਸ ਤੋਂ "ਬਾਰਾਂ ਸ਼ਜ਼ਾਦੇ" ਅਤੇ "ਇੱਕ ਵੱਡੀ ਕੌਮ" ਪੈਦਾ ਹੋਵੇਗੀ (17:20)। ਇਸਮਾਏਲ ਦੇ ਭਵਿੱਖ ਦੇ ਵਿਸ਼ੇ ਵਿਚ ਵਾਇਦੇ ਨੂੰ ਦੁਹਰਾਉਂਦੇ ਹੋਏ, ਹੁਣ ਪਰਮੇਸ਼ੁਰ ਨੇ ਫਿਰ ਤੋਂ ਕਿਹਾ (21:13), ਅਬਰਾਹਾਮ ਡਰ ਨਾ। ਉਸ ਨੇ ਉਨ੍ਹਾਂ ਨੂੰ, ਇਸ ਆਤਮ ਵਿਸ਼ਵਾਸ ਦੇ ਨਾਲ ਘੱਟ ਪੂਰਤੀ ਦੇ ਨਾਲ ਭੇਜਿਆ ਕਿ ਉਸ ਜੰਗਲ ਦੇ ਕਠੋਰ ਵਾਤਾਵਰਣ ਵਿਚ ਪ੍ਰਭੂ ਉਨ੍ਹਾਂ ਦੀ ਰੱਖਿਆ ਕਰੇਗਾ ਅਤੇ ਉਨ੍ਹਾਂ ਨੂੰ ਮੁਹੱਈਆ ਕਰੇਗਾ (21:14)।

*ਹਾਜਰਾ ਦੀ ਪ੍ਰਤਿਕਿਰਿਆ: ਨਿਰਾਸ਼ਾ, ਫਿਰ ਖੁਸ਼ੀ* (21:15-19)। ਹਾਜਰਾ ਦੇ ਅੰਦਰ ਅਬਰਾਹਾਮ ਵਾਂਗ ਭਰੋਸਾ ਨਹੀਂ ਸੀ। ਸਪੱਸ਼ਟ ਹੈ ਕਿ, ਉਹ ਕਈ ਸਾਲ ਪਹਿਲਾਂ ਦੇ ਉਸ ਅਨੁਭਵ

ਨੂੰ ਭੁੱਲ ਗਈ ਸੀ, ਜਦੋਂ ਉਸ ਨੂੰ ਜੰਗਲ ਵਿਚ ਇੱਕ ਪਾਣੀ ਦਾ ਸੋਤਾ ਮਿਲਿਆ ਸੀ ਅਤੇ ਸਵਰਗਦੂਤ ਉਸ ਉੱਤੇ ਪਰਗਟ ਹੋਇਆ ਸੀ ਅਤੇ ਉਸ ਦੇ ਪੁੱਤਰ ਦੇ ਅਤੇ ਉਸ ਦੀ ਅੰਸ ਦੇ ਵਿਸ਼ੇ ਵਿਚ ਵਾਇਦੇ ਦਿੱਤੇ ਸਨ (16:7-14)। ਇਸ ਵਾਰ, ਦੁਪਹਿਰ ਦੇ ਵੇਲੇ, ਜਦੋਂ ਉਨ੍ਹਾਂ ਦਾ ਪਾਣੀ ਖਤਮ ਹੋ ਗਿਆ ਸੀ, ਤਾਂ ਦੁਖੀ ਮਾਂ ਆਪਣੇ ਪੁੱਤਰ ਨੂੰ ਝਾੜੀ ਦੇ ਥੱਲੇ ਛੱਡ ਕੇ ਪਰਮੇਸ਼ੁਰ ਦੇ ਸਾਹਮਣੇ ਪ੍ਰਾਰਥਨਾ ਕਰਨ ਲੱਗੀ ਕਿ ਮੈਨੂੰ ਆਪਣੇ ਪੁੱਤਰ ਨੂੰ ਮਰਦਿਆਂ ਹੋਇਆਂ ਵੇਖਣਾ ਨਾ ਪਵੇ (21:16)। ਇੱਕ ਵਾਰ ਫਿਰ, ਇੱਕ ਸਵਰਗਦੂਤ ਸਵਰਗ ਤੋਂ ਬੋਲਿਆ। ਉਸ ਨੇ ਮੁੰਡੇ ਨੂੰ ਰੋਂਦੇ ਹੋਏ ਸੁਣਿਆ, ਉਸ ਨੇ ਇਸਮਾਏਲ ਦੀ ਅੰਸ ਦੀ ਪੁਸ਼ਟੀ ਕੀਤੀ (21:17, 18)। ਉਸ ਨੇ ਹਾਜਰਾ ਨੂੰ ਇੱਕ ਖੂਹ ਵਿਖਾਇਆ ਤਾਂ ਕਿ ਉਹ ਤਰੋ-ਤਾਜ਼ਾ ਹੋ ਸਕੇ।

ਇਹ ਇੱਕ ਹੋਰ ਉਦਾਹਰਣ ਸੀ ਕਿ ਕਿਵੇਂ ਪਰਮੇਸ਼ੁਰ ਨੇ ਆਪਣੇ ਵਾਇਦਿਆਂ ਦੇ ਪ੍ਰਤਿ *ਵਿਸ਼ਵਾਸਯੋਗਤਾ* ਦਾ ਪ੍ਰਦਰਸ਼ਣ ਕੀਤਾ ਸੀ। ਉਹ ਆਪਣੇ ਲੋਕਾਂ ਦੇ *ਵਿਸ਼ਵਾਸ* ਨੂੰ ਵਧਾਉਣ ਦੀ ਇੱਛਾ ਰੱਖਦਾ ਹੈ ਤਾਂ ਕਿ ਉਹ ਉਸ ਦੇ ਉੱਤੇ ਹੋਰ ਵੀ ਵੱਧ *ਵਿਸ਼ਵਾਸ* ਕਰ ਸਕਣ। ਅਬਰਾਹਾਮ ਅਤੇ ਉਸ ਦੇ ਪਰਿਵਾਰ ਦੇ ਦੁਆਰਾ, ਪਰਮੇਸ਼ੁਰ ਨੇ ਯੁੱਗਾਂ ਤੋਂ ਆਪਣੀ ਮਹਾਨ ਯੋਜਨਾ ਤਿਆਰ ਕੀਤੀ ਸੀ; ਫਿਰ ਵੀ ਇਸ ਵਿਚ ਸ਼ਾਮਲ ਲੋਕ ਸਿਰਫ ਆਪਣੀਆਂ ਹੀ ਪਰੇਸ਼ਾਨੀਆਂ ਨੂੰ ਵੇਖਦੇ ਸਨ। ਕਿੰਨੀ ਵਾਰ ਆਪਣੇ ਆਪ ਤੋਂ ਪਰੇ ਹੋ ਕੇ ਪਰਮੇਸ਼ੁਰ ਦੀ ਯੋਜਨਾ ਨੂੰ ਵੇਖਣ ਵਿਚ ਅਸਫਲ ਹੋ ਜਾਂਦੇ ਹਾਂ!

---

## ਟਿੱਪਣੀਆਂ

[1]ਗੋਰਡਨ ਜੇ. ਵੇਨਹੇਮ, *ਜੇਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁੱਕਸ, 1994), 80-81. [2]ਈ. ਏ. ਸਪੀਜ਼ਰ, *ਜੇਨੇਸਿਸ*, ਦ ਐਂਕਰ ਬਾਈਬਲ, ਜਿਲਦ 1 (ਗਾਰਡਨ ਸਿਟੀ, ਨਿਊ ਯਾਰਕ: ਡਬਲ-ਡੇ ਐਂਡ ਕੰਪਨੀ, 1964), 155. ਵੇਖੋ 1 ਸਮੂਏਲ 1:22-24, ਇਸ ਦੇ ਨਾਲ ਨਾਲ 2 ਮੈਕਾਬੀਜ਼ 7:27. [3]ਅਬਰਾਹਾਮ ਸਿਆਸੀ ਸਾਲਾਂ ਦਾ ਸੀ ਜਦੋਂ ਇਸਮਾਏਲ ਪੈਦਾ ਹੋਇਆ (16:16) ਅਤੇ ਇਸਹਾਕ ਦੇ ਜਨਮ ਦੇ ਵੇਲੇ ਇੱਕ ਸੌ ਸਾਲਾਂ ਦਾ ਸੀ (17:17; 21:5), ਜਦੋਂ ਇਸਮਾਏਲ ਲਗਭਗ ਚੌਦਾਂ ਸਾਲਾਂ ਦਾ ਸੀ (ਵੇਖੋ 17:24, 25)। ਲਗਭਗ ਤਿੰਨਾਂ ਸਾਲਾਂ ਦੇ ਬਾਅਦ, ਇਸਹਾਕ ਦੇ ਦੁੱਧ ਛੁਡਾਏ ਜਾਣ ਦੇ ਸਮੇਂ, ਇਸਮਾਏਲ ਸੋਲਾਂ ਜਾਂ ਸਤਾਰਾਂ ਸਾਲਾਂ ਦਾ ਹੋਵੇਗਾ। [4]ਜੇ. ਬਰਟਨ ਪੇਏਨੀ, "קָנָא," *TWOT* ਵਿਚ, 2:763. [5]ਕੈਨੇਥ ਏ. ਮੈਥਿਊਜ਼, *ਜੇਨੇਸਿਸ 11:27–50:26*, ਦ ਨਿਊ ਅਮੈਰੇਕਨ ਕਮੈਂਟਰੀ, ਜਿਲਦ 1b (ਨੈਸ਼ਵਿਲ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 269. [6]ਹੈਲਮਰ ਰਿੰਗ੍ਰੇਨ, "גָּרַשׁ," *ਥਿਓਲੋਜੀਕਲ ਡਿਕਸ਼ਨਰੀ ਆਫ਼ ਦੀ ਓਲਡ ਟੈਸਟਾਮੈਂਟ* ਵਿਚ, ਅਨੁਵਾਦ ਜੌਨ ਟੀ. ਵੀਲੀਸ ਅਤੇ ਜੈਫ਼ਰੀ ਡਬਲਿਯੂ ਬ੍ਰੋਮਿਲੇ, ਸੋਧ ਜੀ ਜੌਨਜ਼ ਬੋਟਰਵੇਕ ਅਤੇ ਹੈਲਮਰ ਰਿੰਗ੍ਰੇਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1978), 3:68-69. [7]ਇੱਕ ਪੂਰੀ ਪਲੀ-ਪਲੋਸੀ ਬੱਕਰੀ ਦੇ ਚਮੜੇ ਵਿਚ ਲਗਭਗ ਤਿੰਨ ਗੈਲਨ ਪਾਣੀ ਹੁੰਦਾ ਸੀ ਅਤੇ ਉਸ ਦਾ ਵਜ਼ਨ ਲਗਭਗ ਤੀਹ ਪੌਂਡ ਹੁੰਦਾ ਸੀ। [8]ਤਜ਼ਰਬੇਕਾਰ ਗਾਈਡ ਉਨ੍ਹਾਂ ਲੋਕਾਂ ਨੂੰ ਸੂਚਿਤ ਕਰਦੇ ਹਨ ਜੋ ਦੱਖਣੀ ਇਸਰਾਈਲ ਅਤੇ ਸਿਨਈ ਪ੍ਰਾਇਦੀਪ ਵਿਚੋਂ ਟ੍ਰੇਕ ਬਣਾਉਂਦੇ ਹਨ ਤਾਂ ਕਿ ਉਨ੍ਹਾਂ ਨੂੰ ਅਜਿਹੀ ਦੁਸ਼ਮਣੀ ਭਰੇ ਮਾਹੌਲ ਵਿਚ ਜ਼ਿੰਦਾ ਰਹਿਣ ਦੇ ਲਈ ਘੱਟੋ ਘੱਟ ਦੋ ਗੈਲਨ ਪਾਣੀ ਪੀਣਾ ਚਾਹੀਦਾ ਹੈ। [9]ਵਾਲਟਰ ਸੀ. ਕੈਸਰ, ਜੂਨੀਅਰ, ਪੀਟਰ ਐੱਚ. ਡੇਵਿਡਜ਼, ਐੱਫ਼. ਐੱਫ਼. ਬਰੂਸ, ਅਤੇ ਮੈਨਫ੍ਰੈਡ ਬਰੂਚ. *ਹਾਰਡ ਸੇਇੰਗ ਆਫ਼ ਦੀ ਬਾਈਬਲ* (ਡੋਨਰਜ਼ ਗ੍ਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1996), 123. [10]ਜੌਨ ਟੀ. ਵਿਲੀਸ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 284.

[11]ਉਸੇ ਸਥਾਨ ਤੇ, 285. [12]ਵੈਨਹਮ, 91. [13]ਫ੍ਰੈਡਰਿਕ ਡਬਲਿਯੂ. ਬੁਸ਼, "ਹਰੀਅਨਜ਼," ਦ *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਣ, ਸੰਸਕਰਣ ਜੈਫਰੀ ਡਬਲਿਯੂ. ਬਰੋਮਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1982), 2:784-85. [14]ਵੈਨਹਮ, 91-92. [15]ਈ. ਕੁਸਚ, "כרת," *ਥਿਓਲੋਜੀਕਲ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ*, ਅਨੁਵਾਦ ਮਾਰਕ ਈ. ਬਿਡਲ, ਸੋਧ ਅਰਨਸਟ ਜੈਨੀ ਅਤੇ ਕਲਾਸ ਵੈਸਟਰਮੈਨ (ਪੀਬੌਡੀ, ਮਾਸਚਿਊਸੇਟਰ: ਹੈਂਡਰਿਕਸਨ ਪਬਲਿਸ਼ਰਜ਼, 1997),

2:636. [16]ਜੈੱਕ ਪੀ. ਲੇਵਿਸ, "בְּאֵר שֶׁבַע" *TWOT* ਵਿਚ, 1:87. ਉਤਪਤ 26:31-33 ਵਿਚ "ਬਏਰਸਬਾ" ਨਾਮ ਦੀ ਦੂਜੀ ਵਿਆਖਿਆ ਮਿਲਦੀ ਹੈ। [17]ਵਿਕਟਰ ਬੀ. ਹਮਿਲਟਨ, *ਦ ਬੁੱਕ ਆਫ਼ ਜੈਨੇਸਿਸ: ਅਧਿਆਇ 18-50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 93. [18]ਕੇ. ਏ. ਕਿਚਨ, *ਅੱਨ ਦੀ ਰੀਲਾਏਬਿਲਟੀ ਆਫ਼ ਦੀ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 2003), 340-41. [19]ਹਮਿਲਟਨ, 94. [20]ਵੈਨਹਮ, 94.

[21]ਮਕਫੇਲਾਹ ਦੀ ਗੁਫਾ, ਜਿਸ ਨੂੰ ਬਾਅਦ ਵਿਚ ਅਬਰਾਹਾਮ ਨੇ ਸਾਰਾਹ ਨੂੰ ਦਫ਼ਨਾਉਣ ਲਈ ਹਬਰੋਨ ਵਿਚ ਖਰੀਦਿਆ ਸੀ, ਉਹ ਉਸ ਵਿਰਾਸਤ ਦਾ ਹਿੱਸਾ ਨਹੀਂ ਸੀ ਜੋ ਪਰਮੇਸ਼ੁਰ ਦੇ ਦੁਆਰਾ ਦਿੱਤੀ ਗਈ ਸੀ (ਵੇਖੋ 23:1-20)। [22]ਪੌਲੁਸ ਸਮਝ ਗਿਆ ਸੀ ਕਿ ਮੂਲਲਿਖਤ ਦਾ ਅਰਥ ਇਹ ਹੈ ਕਿ ਇਸਮਾਏਲ ਨੇ ਇਸਹਾਕ ਨੂੰ ਸਤਾਇਆ (ਗਲਾਤੀਆਂ 4:29); ਪਰ ਉਸ ਨੇ ਇਹ ਨਹੀਂ ਦੱਸਿਆ ਕਿ ਇਹ ਮਾਨਸਿਕ, ਸਰੀਰਕ, ਜਾਂ ਦੋਵੇਂ ਕਿਸਮਾਂ ਦਾ ਸਤਾਇਆ ਜਾਣਾ ਸੀ।